# ਗਵਾਹ ਵਜੋਂ

# ਅਦਾਲਤ ਜਾਣਾ

ਫ਼ੌਜਦਾਰੀ ਅਤੇ ਬੱਚਿਆਂ ਦੇ ਕੇਸਾਂ ਦੀ ਸੁਣਵਾਈ ਕਰ ਰਹੀਆਂ ਅਦਾਲਤਾਂ ਦੀ ਕਾਰਵਾਈ ਬਾਰੇ ਬਾਲਗ਼ ਗਵਾਹਾਂ ਲਈ ਇਕ ਕਿਤਾਬਚੀ

ਬੇਨਤੀ ਕਰਨ ਤੇ ਇਸ ਦਸਤਾਵੇਜ਼ ਦੀਆਂ ਹੋਰ ਕਾਪੀਆਂ, ਆਡਿਓ, ਵੱਡੇ ਪ੍ਰਿੰਟ ਫ਼ਾਰਮੈਟ ਅਤੇ ਭਾਈਚਾਰਕ ਭਾਸ਼ਾਵਾਂ ਵਿਚ ਉਪਲਬਧ ਹਨ।
ਕਿਰਪਾ ਕਰਕੇ 0131 244 2213 ਨਾਲ ਸੰਪਰਕ ਕਰੋ।

9 780755 948963
ISBN 0-7559-4896-3

© ਕ੍ਰਾਉਨ ਕਾੱਪੀਰਾਈਟ 2006

ਇਹ ਦਸਤਾਵੇਜ਼ ਸਕਾਟਿਸ਼ ਐਗਜ਼ੈਕਟਿਵ ਵੈਬਸਾਈਟ (Scottish Executive website) ਤੇ ਵੀ ਉਪਲਬਧ ਹੈ :

www.scotland.gov.uk

Astron B44303 04/06 (Punjabi)

ਹੋਰ ਕਾਪੀਆਂ ਹੇਠ ਲਿਖੇ ਪਤੇ ਤੋਂ ਵੀ ਮਿਲ ਸਕਦੀਆਂ ਹਨ

Blackwell’s Bookshop
53 South Bridge
Edinburgh
EH1 1YS

ਟੈਲੀਫ਼ੋਨ ਆਰਡਰ ਅਤੇ ਪੁੱਛਗਿੱਛ
0131 622 8283 ਜਾਂ 0131 622 8258

ਫ਼ੈਕਸ ਆਰਡਰਸ
0131 557 8149

ਈ-ਮੇਲ ਆਰਡਰਸ
business.edinburgh@blackwell.co.uk

ਇਹ ਦਸਤਾਵੇਜ਼ ਮੂਲ ਦਸਤਾਵੇਜ਼ ਦੀ ਬਿਲਕੁਲ ਸਹੀ ਨਕਲ ਮੰਨੀ ਗਈ ਹੈ।

**w w w . s c o t l a n d . g o v . u k**

# ਗਵਾਹ ਵਜੋਂ

**ਅਦਾਲਤ ਜਾਣਾ**

ਫ਼ੌਜਦਾਰੀ ਅਤੇ ਬੱਚਿਆਂ ਦੇ ਕੇਸਾਂ ਦੀ ਸੁਣਵਾਈ ਕਰ ਰਹੀਆਂ ਅਦਾਲਤਾਂ ਦੀ ਕਾਰਵਾਈ ਬਾਰੇ ਬਾਲਗ਼ ਗਵਾਹਾਂ ਲਈ ਇਕ ਕਿਤਾਬਚੀ

ਇਸ  ਕਿਤਾਬਚੀ ਵਿਚ ਇਸਤੇਮਾਲ ਕੀਤੀਆਂ ਗਈਆਂ ਤਸਵੀਰਾਂ ਸਕਾਟਿਸ਼ ਐਗਜ਼ੈਕਟਿਵ (Scottish Executive) 'ਬੀਇੰਗ ਏ ਵਿਟਨਸ' (Being a Witness) ਸੀਡੀ-ਰੋਮ – ਜੋ ਬੱਚਿਆਂ ਅਤੇ ਵਲਨਰਏਬਲ ਬਾਲਗ਼ ਗਵਾਹਾਂ ਲਈ ਇਕ ਗਾਈਡ ਹੈ, ਵਿਚੋਂ ਲਈਆਂ ਗਈਆਂ ਹਨ।

ਜਿਸ ਜਿਸ ਨੇ ਇਸਦੀ ਤਿਆਰੀ ਵਿਚ ਹਿੱਸਾ ਲਿਆ ਹੈ, ਉਨ੍ਹਾਂ ਸਭ ਦਾ ਵਿਸ਼ੇਸ਼ ਰੂਪ ਵਿਚ ਧੰਨਵਾਦ।

# ਤਤਕਰਾ


| | |
|---|---|
| ਭੂਮਿਕਾ | 2 |
| ਗਵਾਹ ਕੌਣ ਹੁੰਦਾ ਹੈ ? | 3 |
| ਇਕ ਗਵਾਹ ਵਜੋਂ ਤੁਹਾਨੂੰ ਕਿਹੋ ਜਿਹੀ ਸਹਾਇਤਾ ਅਤੇ ਹਿਮਾਇਤ ਮਿਲ ਸਕਦੀ ਹੈ ? | 5 |
| ਅਦਾਲਤ ਨਾਲ ਜਾਣ ਪਛਾਣ ਕਰਨ ਲਈ ਉੱਥੇ ਜਾਣਾ | 10 |
| ਅਦਾਲਤਾਂ ਅਤੇ ਅਦਾਲਤ ਦੀ ਕਾਰਵਾਈਆਂ | 11 |
| ਅਦਾਲਤ ਦੇ ਕਮਰੇ ਵਿਚ ਕੌਣ ਹੈ ਅਤੇ ਉਨ੍ਹਾਂ ਦਾ ਕੀ ਕੰਮ ਹੈ ? | 13 |
| ਅਦਾਲਤ ਦੇ ਮੁਕੱਦਮੇ ਦੀ ਤਿਆਰੀ ਕਿਵੇਂ ਕੀਤੀ ਜਾਂਦੀ ਹੈ | 17 |
| ਅਦਾਲਤ ਦੀ ਤਾਰੀਖ਼ | 19 |
| ਅਦਾਲਤ ਲਈ ਤਿਆਰੀ ਕਰਨੀ – ਤੁਹਾਨੂੰ ਕੀ ਕਰਨਾ ਪਵੇਗਾ | 20 |
| ਅਦਾਲਤ ਦੇ ਮੁਕੱਦਮੇ ਦਾ ਦਿਨ | 22 |
| ਉਡੀਕਣਾ | 23 |
| ਪਛਾਣ ਕਰਨੀ | 25 |
| ਆਪਣੀ ਗਵਾਹੀ ਦੇਣਾ | 26 |
| ਤੁਹਾਡੇ ਗਵਾਹੀ ਦੇਣ ਦੇ ਬਾਅਦ | 30 |
| ਮੁਕੱਦਮੇ ਦਾ ਅੰਤ | 31 |
| ਹੋਰ ਉਪਲਬਧ ਸਹਾਇਤਾ | 33 |
| ਕੋਈ ਹੋਰ ਸਵਾਲ ਜਾਂ ਟਿੱਪਣੀਆਂ | 35 |
| ਯਾਦ ਰੱਖਣ ਲਈ ਕੁਝ ਗੱਲਾਂ | 36 |
| ਉਪਯੋਗੀ ਸੰਪਰਕ ਨਾਂਅ ਅਤੇ ਨੰਬਰ | 37 |
| ਗਲਾਸਰੀ | 38 |

# ਭੂਮਿਕਾ

ਅਦਾਲਤ ਜਾਣਾ

ਇਹ ਪੁਸਤਿਕਾ ਉਨ੍ਹਾਂ ਬਾਲਗ਼ ਗਵਾਹਾਂ ਲਈ ਹੈ, ਜਿਨ੍ਹਾਂ ਨੂੰ ਅਦਾਲਤ ਵਿਚ ਕਿਸੇ ਮੁਕੱਦਮੇ ਵਿਚ ਗਵਾਹੀ ਦੇਣ ਲਈ ਬੁਲਾਇਆ ਜਾ ਸਕਦਾ ਹੈ।

ਫ਼ੌਜਦਾਰੀ ਮਾਮਲਿਆਂ ਦੀ ਅਦਾਲਤ ਵਿਚ, ਗਵਾਹ ਕਿਸੇ ਸੰਭਾਵੀ ਅਪਰਾਧ ਬਾਰੇ ਅਹਿਮ ਸੂਚਨਾ ਦੇ ਸਕਦੇ ਹਨ।

ਚਿਲਡਰਨਸ ਹਿਅਰਿੰਗ ਕੋਰਟ (ਬੱਚਿਆਂ ਦੀ ਸੁਣਵਾਈ ਕਰਨ ਵਾਲੀ ਅਦਾਲਤ) ਵਿਚ, ਗਵਾਹਾਂ ਕੋਲ ਕਿਸੇ ਬੱਚੇ ਦੀ ਭਲਾਈ ਬਾਰੇ ਅਹਿਮ ਜਾਣਕਾਰੀ ਹੋ ਸਕਦੀ ਹੈ।

ਕਿਸੇ ਲਈ ਵੀ ਕੋਈ ਕੰਮ ਪਹਿਲੀ ਵਾਰ ਕਰਨਾ ਆਸਾਨ ਨਹੀਂ ਹੁੰਦਾ ਅਤੇ ਤੁਹਾਨੂੰ ਇਕ ਗਵਾਹ ਬਣਨ ਤੇ ਬੇਚੈਨੀ ਹੋ ਸਕਦੀ ਹੈ।

ਇਹ ਕਿਤਾਬਚੀ ਤੁਹਾਡੇ ਮਨ ਵਿਚ ਉਠਦੇ ਕਈ ਸਵਾਲਾਂ ਦੇ ਜਵਾਬ ਦੇਣ ਅਤੇ ਅਦਾਲਤ ਵਿਚ ਕੀ ਹੁੰਦਾ ਹੈ, ਸਮਝਣ ਵਿਚ ਤੁਹਾਡੀ ਸਹਾਇਤਾ ਕਰੇਗੀ।

ਇਹ ਕਿਤਾਬਚੀ, ਤੁਹਾਨੂੰ ਇਹ ਵੀ ਦੱਸੇਗੀ ਕਿ ਤੁਹਾਡੀ ਸਹਾਇਤਾ ਕੌਣ ਕਰ ਸਕਦਾ ਹੈ ਅਤੇ ਗਵਾਹ ਦੇ ਤੌਰ ਤੇ ਤੁਹਾਨੂੰ ਹਿਮਾਇਤ ਕਿੱਥੋਂ ਮਿਲ ਸਕਦੀ ਹੈ।

ਅਦਾਲਤਾਂ ਦੇ ਕੰਮ ਦੇ ਅਮਲ ਦੌਰਾਨ ਜਿਨ੍ਹਾਂ ਸ਼ਬਦਾਂ ਦਾ ਇਸਤੇਮਾਲ ਕੀਤਾ ਜਾਂਦਾ ਹੈ, ਉਨ੍ਹਾਂ ਵਿਚੋਂ ਕੁਝ ਦੀ ਗਲਾਸਰੀ (ਸ਼ਬਦ-ਸੰਗ੍ਰਿਹ) ਇਸ ਕਿਤਾਬਚੀ ਦੇ ਅਖ਼ੀਰ ਵਿਚ ਵੇਖੀ ਜਾ ਸਕਦੀ ਹੈ।

# ਗਵਾਹ ਕੌਣ ਹੁੰਦਾ ਹੈ ?

ਇਕ ਗਵਾਹ ਹੋਣਾ, ਭਾਵੇਂ ਤੁਸੀਂ ਫ਼ੌਜਦਾਰੀ ਮੁਕੱਦਮੇ ਜਾਂ ਚਿਲਡਰਨਸ ਹਿਅਰਿੰਗ ਕੋਰਟ ਵਿਚ ਹੋਵੋ, ਬਹੁਤ ਹੀ ਅਹਿਮ ਗੱਲ ਹੈ।

ਜੇ ਤੁਸੀਂ ਗਵਾਹ ਹੋ ਤਾਂ ਇਸ ਦਾ ਇਹ ਅਰਥ ਹੋ ਸਕਦਾ ਹੈ ਕਿ ਤੁਸੀਂ ਜਾਂ ਤੇ :

- ਕਿਸੇ ਅਪਰਾਧ ਦੇ ਸ਼ਿਕਾਰ ਹੋ;
- ਕਿਸੇ ਅਪਰਾਧ ਨੂੰ ਹੁੰਦਿਆਂ ਵੇਖਿਆ ਹੈ, ਜਾਂ ਉਸ ਦੇ ਸੰਬੰਧ ਵਿਚ ਕੁਝ ਸੁਣਿਆ ਹੈ;
- ਅਪਰਾਧ ਲਈ ਦੋਸ਼ੀ ਠਹਿਰਾਏ ਗਏ ਕਿਸੇ ਵਿਅਕਤੀ ਬਾਰੇ ਤੁਹਾਨੂੰ ਕੋਈ ਜਾਣਕਾਰੀ ਹੈ; ਜਾਂ
- ਚਿਲਡਰਨ ਹਿਅਰਿੰਗ ਕੋਰਟ ਕੇਸ ਵਿਚ ਸਿੱਧੇ ਜਾਂ ਅਸਿੱਧੇ ਤੌਰ ਤੇ ਸ਼ਾਮਲ ਹੋ।

ਗਵਾਹ ਅਦਾਲਤ ਨੂੰ ਜਾਣਕਾਰੀ ਦੇ ਕੇ ਇਕ ਮਹੱਤਵਪੂਰਣ ਭੂਮਿਕਾ ਅਦਾ ਕਰਦੇ ਹਨ। ਇਸ ਜਾਣਕਾਰੀ ਨੂੰ ਹੀ ਗਵਾਹ ਵਲੋਂ ਦਿੱਤੀ ਗਵਾਹੀ ਕਿਹਾ ਜਾਂਦਾ ਹੈ। ਅਦਾਲਤਾਂ ਨੂੰ ਗਵਾਹ ਚਾਹੀਦੇ ਹੁੰਦੇ ਹਨ ਤਾਂ ਜੋ ਉਹ ਉਨ੍ਹਾਂ ਦੀ ਗਵਾਹੀ ਨਾਲ ਇਕ ਘਟਨਾ ਚੱਕਰ ਬਣਾ ਕੇ ਵੇਖ ਸਕਣ ਕਿ ਕੀ ਹੋਇਆ ਸੀ ਅਤੇ ਇਸਦੇ ਬਾਅਦ ਹੀ ਉਹ ਕਿਸੇ ਫ਼ੈਸਲੇ ਤੇ ਪੁੱਜ ਸਕਦੀਆਂ ਹਨ।

# ਗਵਾਹ ਵਜੋਂ

## ਅਦਾਲਤ ਜਾਣਾ

ਤੁਸੀਂ ਪਹਿਲਾਂ ਹੀ, ਪੁਲੀਸ ਨੂੰ ਜਾਂ ਇਕ ਵਕੀਲ ਨੂੰ ਬਿਆਨ ਦੇ ਰੂਪ ਵਿਚ ਜਾਣਕਾਰੀ ਦੇ ਚੁੱਕੇ ਹੋਵੋਗੇ।

ਤਿੰਨ ਅਜਿਹੇ ਵੱਖ ਵੱਖ ਲੋਕ ਹਨ, ਜੋ ਤੁਹਾਨੂੰ ਗਵਾਹ ਦੇ ਤੌਰ ਤੇ ਬੁਲਾ (ਰਸਮੀ ਭਾਸ਼ਾ ਵਿਚ ਇਸਨੂੰ ਜਾਂ 'ਸੰਮਨ ਭੇਜਣਾ' ਕਿਹਾ ਜਾਂਦਾ ਹੈ) ਸਕਦੇ ਹਨ :

- ਦੀ ਪ੍ਰੋਕਿਉਰੇਟਰ ਫ਼ਿਸਕਲ *[*procurator fiscal (ਜਿਸਨੂੰ ਸਰਕਾਰੀ ਵਕੀਲ ਵੀ ਕਿਹਾ ਜਾਂਦਾ ਹੈ)*]*
- ਬਚਾਅ ਪੱਖ ਦਾ ਜਾਂ ਹੋਰ ਕੋਈ ਵਕੀਲ
- ਬੱਚਿਆਂ ਦੇ ਪੈਨਲ ਦਾ ਰਿਪੋਰਟਰ।

ਗਵਾਹ ਬਣਨਾ ਇਕ ਬਹੁਤ ਹੀ ਅਹਿਮ ਗੱਲ ਹੈ। ਇਹ ਅਦਾਲਤ ਨੂੰ ਉਹ ਸੱਚ ਦੱਸਣਾ ਹੈ, ਜੋ ਤੁਸੀਂ ਜਾਣਦੇ ਹੋ।

ਅਦਾਲਤਾਂ ਤੁਹਾਡੇ ਵਰਗੇ ਗਵਾਹਾਂ ਦੀ ਸਹਾਇਤਾ ਤੋਂ ਬਿਨਾਂ ਸਹੀ ਤਰ੍ਹਾਂ ਕੰਮ ਨਹੀਂ ਕਰ ਸਕਦੀਆਂ।

# ਇਕ ਗਵਾਹ ਵਜੋਂ ਤੁਹਾਨੂੰ ਕਿਹੋ ਜਿਹੀ ਸਹਾਇਤਾ ਅਤੇ ਹਿਮਾਇਤ ਮਿਲ ਸਕਦੀ ਹੈ ?

ਅਜਿਹੇ ਬਹੁਤ ਸਾਰੇ ਲੋਕ ਅਤੇ ਸੰਸਥਾਵਾਂ ਹਨ, ਜੋ ਤੁਹਾਨੂੰ ਅਦਾਲਤੀ ਕਾਰਵਾਈ ਦੇ ਅਮਲ ਬਾਰੇ ਜਾਣਕਾਰੀ ਉਪਲਬਧ ਕਰਾਉਣ ਵਿਚ ਅਤੇ ਤੁਹਾਨੂੰ ਬਿਹਤਰ ਗਵਾਹੀ ਦੇਣ ਦੀ ਤਿਆਰੀ ਵਿਚ ਸਹਾਇਤਾ ਲਈ ਕਈ ਤਰ੍ਹਾਂ ਦੇ ਪ੍ਰਬੰਧ ਕਰਾ ਸਕਦੇ ਹਨ।

ਕਈ ਵਾਰ ਪਰਿਵਾਰ ਜਾਂ ਕਿਸੇ ਦੋਸਤ ਨਾਲ ਗੱਲਬਾਤ ਕਰਨ ਨਾਲ ਵੀ ਮਦਦ ਮਿਲ ਜਾਂਦੀ ਹੈ। ਹੋਰ ਵੀ ਬਹੁਤ ਸਾਰੇ ਲੋਕ ਹਨ, ਜੋ ਤੁਹਾਡੀ ਸਹਾਇਤਾ ਕਰ ਸਕਦੇ ਹਨ :

- **ਵਿਕਟਿਮ ਸਪੋਰਟ ਸਕਾਟਲੈਂਡ** [**Victim Support Scotland (VSS)**] :
ਤੁਹਾਡੇ ਸਥਾਨਕ ਭਾਈਚਾਰੇ ਦਾ ਸਟਾਫ਼ ਅਤੇ ਵਾਲੰਟੀਅਰ ਪੀੜਤਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਅਤੇ (ਭਾਵੇਂ ਅਦਾਲਤ ਵਿਚ ਕੋਈ ਮੁਕੱਦਮਾ ਨਾ ਵੀ ਹੋਵੇ) ਕੁਝ ਗਵਾਹਾਂ ਦੀ ਸਹਾਇਤਾ ਕਰ ਸਕਦੇ ਹਨ। ਉਹ ਤੁਹਾਨੂੰ ਮਿਲਣ ਲਈ ਤੁਹਾਡੇ ਘਰ ਜਾਂ VSS ਦੇ ਸਥਾਨਕ ਦਫ਼ਤਰ ਵਿਚ ਇੰਤਜ਼ਾਮ ਕਰ ਸਕਦੇ ਹਨ। ਅਗਰ ਕੇਸ ਅਦਾਲਤ ਵਿਚ ਜਾਂਦਾ ਹੈ VSS, ਵਿਟਨੈਸ ਸਰਵਿਸ (ਗਵਾਹਾਂ ਲਈ ਸੇਵਾ) ਜੋ ਅਦਾਲਤ ਵਿਚ ਹੁੰਦੀ ਹੈ, ਨਾਲ ਮਿਲਕੇ ਕੰਮ ਕਰੇਗਾ।

- **ਦੀ ਵਿਟਨੈਸ ਸਰਵਿਸ** (**The Witness Service**) : ਇਹ ਸੇਵਾ, ਵਿਕਟਿਮ ਸਪੋਰਟ ਸਕਾਟਲੈਂਡ ਵਲੋਂ, ਸਕਾਟਲੈਂਡ ਦੀ ਹਰ ਹਾਈ ਕੋਰਟ ਅਤੇ ਸ਼ੈਰਿਫ਼ ਕੋਰਟ (ਜ਼ਿਲਾ ਕਚਿਹਰੀ) ਵਿਚ ਉਪਲਬਧ ਕੀਤੀ ਗਈ ਹੈ। ਇਸਦਾ ਸਟਾਫ਼ ਅਤੇ ਵਾਲੰਟੀਅਰ ਕਿਸੇ ਫ਼ੌਜਦਾਰੀ ਮਾਮਲੇ ਵਿਚ ਸ਼ਾਮਲ ਸਭ ਗਵਾਹਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਉਸ ਵੇਲੇ ਮਦਦ ਕਰਨ ਲਈ ਮੌਜੂਦ ਹੁੰਦੇ ਹਨ, ਜਦੋਂ ਉਹ ਅਦਾਲਤ ਵਿਚ ਹੁੰਦੇ ਹਨ। ਹੋ ਸਕਦਾ ਹੈ ਕੇਸ ਦੇ ਸ਼ੁਰੂ ਹੋਣ ਤੋਂ ਪਹਿਲਾਂ ਤੁਸੀਂ ਵਿਟਨੈਸ ਸਰਵਿਸ ਦੇ ਕਿਸੇ ਮੈਂਬਰ ਨਾਲ ਫ਼ੋਨ ਤੇ ਗੱਲ ਕੀਤੀ ਹੋਵੇਗੀ ਜਾਂ ਅਦਾਲਤ ਆਉਣ ਤੇ ਮਿਲੇ ਹੋਵੋਗੇ।

## ਅਦਾਲਤ ਜਾਣਾ

● **ਪੁਲੀਸ** (**The police**) : ਜੇ ਤੁਸੀਂ ਪੁਲੀਸ ਨੂੰ ਕੋਈ ਬਿਆਨ ਦਿੱਤਾ ਹੈ, ਤਾਂ ਉਹ ਇਹ ਪਤਾ ਲਾਣ ਵਿਚ ਕਿ ਕੀ ਹੋ ਰਿਹਾ ਹੈ, ਤੁਹਾਡੀ ਸਹਾਇਤਾ ਕਰ ਸਕਦੀ ਹੈ ਅਤੇ ਤੁਹਾਡੇ ਕਈ ਸਵਾਲਾਂ ਦੇ ਜਵਾਬ ਦੇਣ ਦੀ ਵੀ ਕੋਸ਼ਿਸ ਕਰੇਗੀ। ਪੁਲੀਸ ਲੋਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਸਭ ਕਚਿਹਰੀਆਂ ਵਿਚ ਮੌਜੂਦ ਹੁੰਦੀ ਹੈ ਅਤੇ ਡਰਾਉਣ ਧਮਕਾਉਣ ਦੇ ਕਿਸੇ ਇਲਜ਼ਾਮ ਦੀ ਰਿਪੋਰਟ ਨੂੰ ਗੰਭੀਰਤਾ ਨਾਲ ਲੈਂਦੀ ਹੈ।

● **ਪ੍ਰੌਕਿਉਰੇਟਰ ਫ਼ਿਸਕਲ** (**procurator fiscal**) : ਜੇ ਕੋਈ ਮੁਕੱਦਮਾ ਹੋਣਾ ਹੈ ਅਤੇ ਪ੍ਰੌਕਿਉਰੇਟਰ ਫ਼ਿਸਕਲ ਤੁਹਾਨੂੰ ਗਵਾਹ ਦੇ ਤੌਰ ਤੇ ਤਲਬ ਕਰਨ ਦਾ ਫ਼ੈਸਲਾ ਕਰਦਾ ਹੈ, ਤਾਂ ਤੁਹਾਨੂੰ ਉਹ ਅਦਾਲਤ ਦੇ ਮੁਕੱਦਮੇ ਬਾਰੇ ਇਕ ਚਿੱਠੀ ਅਤੇ ਇਕ ਲੀਫ਼ਲੈਟ ਭੇਜਣਗੇ, ਜਿਸ ਵਿਚ ਤੁਹਾਨੂੰ ਦੱਸਿਆ ਜਾਏਗਾ ਕਿ ਉੱਥੇ ਕੀ ਹੋਏਗਾ। ਕਈ ਕੇਸਾਂ ਵਿਚ, ਤੁਸੀਂ ਪ੍ਰੌਕਿਉਰੇਟਰ ਫ਼ਿਸਕਲ ਨਾਲ ਪਹਿਲਾਂ ਹੀ ਕੱਲ ਕਰ ਚੁੱਕੇ ਹੋਵੋਗੇ, ਜਦੋਂ ਉਨ੍ਹਾਂ ਨੇ ਤੁਹਾਨੂੰ ਤੁਹਾਡੀ ਗਵਾਹੀ ਬਾਰੇ ਸਵਾਲ ਪੁੱਛੇ ਸਨ।

● **ਵਿਕਟਿਮ ਇਨਫ਼ਾਰਮੇਸ਼ਨ ਐਂਡ ਐਡਵਾਈਸ** [**Victim Information and Advice (VIA)**] : VIA ਦੇ ਲੋਕ, ਪ੍ਰੌਕਿਉਰੇਟਰ ਫ਼ਿਸਕਲ ਨਾਲ ਮਿਲਕੇ, ਕਈ ਕੇਸਾਂ ਵਿਚ ਜੁਰਮ ਦੇ ਸ਼ਿਕਾਰ ਹੋਏ ਬਹੁਤੇ ਲੋਕਾਂ ਅਤੇ ਬਚਾਅ ਪੱਖ ਦੇ ਕੁਝ ਗਵਾਹਾਂ ਨੂੰ ਜਾਣਕਾਰੀ ਅਤੇ ਸਲਾਹ ਮਸ਼ਵਰਾ ਦੇਂਦੇ ਹਨ। ਸਿਰਫ਼ ਪ੍ਰੌਕਿਉਰੇਟਰ ਫ਼ਿਸਕਲ ਹੀ ਕਿਸੇ ਨੂੰ VIA ਕੋਲ ਭੇਜ ਸਕਦਾ ਹੈ। ਜੇ VIA ਤੁਹਾਡੇ ਮੁਕੱਦਮੇ ਵਿਚ ਸ਼ਾਮਲ ਹੈ, ਤਾਂ ਉਹ ਤੁਹਾਨੂੰ ਪਹਿਲਾਂ ਹੀ ਅਦਾਲਤ ਦੀ ਕਾਰਵਾਈ ਬਾਰੇ, ਇਕ ਚਿੱਠੀ ਅਤੇ ਲੀਫ਼ਲੈਟ ਭੇਜ ਚੁਕੇ ਹੋਣਗੇ ਅਤੇ ਇਸ ਬਾਰੇ ਕਿ ਕੀ ਹੋ ਰਿਹਾ ਹੈ, ਤੁਹਾਡੇ ਸਵਾਲਾਂ ਦੇ ਜਵਾਬ ਦੇਣ ਦੀ ਕੋਸ਼ਿਸ਼ ਕਰਨਗੇ।

● **ਇਕ ਵਕੀਲ** (**lawyer**) : ਜੇ ਕੋਈ ਬਚਾਅ ਪੱਖ ਦਾ ਵਕੀਲ ਤੁਹਾਨੂੰ ਗਵਾਹ ਵਜੋਂ ਤਲਬ ਕਰ ਰਿਹਾ ਹੈ, ਤਾਂ ਤੁਸੀਂ ਉਸ ਕੋਲੋਂ ਅਦਾਲਤ ਦੇ ਅਮਲ ਬਾਰੇ ਜਾਣਕਾਰੀ ਲਉ। ਉਹ ਤੁਹਾਡੇ ਸਵਾਲਾਂ ਦੇ ਜਵਾਬ ਦੇਣਗੇ ਅਤੇ ਤੁਹਾਡੇ ਲਈ ਜ਼ਰੂਰੀ ਸਹਾਇਤਾ ਦਾ ਇੰਤਜ਼ਾਮ ਕਰਨਗੇ।

● **ਚਿਲਡਰਨਸ ਰਿਪੋਰਟਰ** (**children's reporter**) : ਤੁਸੀਂ ਪਹਿਲਾਂ ਹੀ ਬੱਚਿਆਂ ਦੇ ਰਿਪੋਰਟਰ ਨਾਲ ਉਸ ਵੇਲੇ ਗੱਲ ਕੀਤੀ ਹੋਵੇਗੀ, ਜਦੋਂ ਉਨ੍ਹਾਂ ਨੇ ਤੁਹਾਨੂੰ ਗਵਾਹ ਬਣਨ ਲਈ ਕਿਹਾ ਸੀ। ਉਹ ਤੁਹਾਡੇ ਸਵਾਲਾਂ ਦੇ ਜਵਾਬ ਦੇਣਗੇ ਅਤੇ ਜ਼ਰੂਰੀ ਸਹਾਇਤਾ ਦਾ ਇੰਤਜ਼ਾਮ ਕਰਨਗੇ।

● **ਇਕ ਸੋਸ਼ਿਲ ਵਰਕਰ** (**social worker**) : ਸੋਸ਼ਿਲ ਵਰਕਰ ਉਨ੍ਹਾਂ ਲੋਕਾਂ ਦੀ ਮਦਦ ਕਰਦੇ ਹਨ, ਜਿਨ੍ਹਾਂ ਨੂੰ ਵਾਧੂ ਸਹਾਇਤਾ ਜਾਂ ਨਿਗਰਾਨੀ ਦੀ ਲੋੜ ਹੁੰਦੀ ਹੈ। ਤੁਹਾਡਾ ਕਿਸੇ

ਸੋਸ਼ਿਲ ਵਰਕਰ ਨਾਲ ਸੰਪਰਕ ਹੋਇਆ ਹੋਵੇਗਾ ਅਤੇ ਉਹ ਤੁਹਾਡੀ ਗੱਲ ਸੁਣਨਗੇ ਅਤੇ ਤੁਹਾਨੂੰ ਜਿਸ ਸਹਾਇਤਾ ਦੀ ਲੋੜ ਹੈ, ਉਸ ਦਾ ਇੰਤਜ਼ਾਮ ਕਰਨਗੇ।

- **ਸਵੈ-ਇੱਛਤ ਸੰਸਥਾ (Voluntary organisation)** : ਤੁਸੀਂ ਪਹਿਲਾਂ ਵੀ ਸਕਾਟਿਸ਼ ਵੁਮੈਨਸ ਏਡ (Scottish Women's Aid), ਰੇਪ ਕਰਾਈਸਸ (Rape Crisis), ਏਜ ਕਨਸਰਨ (Age Concern) ਅਤੇ ਅਜਿਹੀਆਂ ਸਹਾਇਤਾ ਦੇਣ ਵਾਲੀਆਂ ਕਈ ਹੋਰ ਏਜੰਸੀਆਂ ਦੇ ਸੰਪਰਕ ਵਿਚ ਹੋਵੋਗੇ।

ਕਿਸੇ ਅਜਿਹੇ ਵਿਅਕਤੀ ਨਾਲ, ਜਿਸਨੂੰ ਇਹ ਪਤਾ ਹੋਵੇ ਕਿ ਤੁਹਾਡੇ ਕੋਲੋਂ ਇਕ ਗਵਾਹ ਵਜੋਂ ਕੀ ਆਸ ਰਖੀ ਜਾਂਦੀ ਹੈ, ਅਤੇ ਜੋ ਅਦਾਲਤੀ ਅਮਲ ਬਾਰੇ ਜਾਣਦਾ ਹੈ, ਗੱਲਬਾਤ ਕਰਨ ਨਾਲ ਅਕਸਰ ਸਹਾਇਤਾ ਮਿਲ ਜਾਂਦੀ ਹੈ।

**ਕਿਰਪਾ ਕਰਕੇ ਇਸ ਕਿਤਾਬਚੀ ਦੇ ਪਿਛਲੇ ਪੰਨੇ ਤੇ ਉਨ੍ਹਾਂ ਵਿਅਕਤੀਆਂ ਅਤੇ ਏਜੰਸੀਆਂ ਦੇ ਨਾਂਅ ਅਤੇ ਟੈਲੀਫ਼ੋਨ ਨੰਬਰ ਲਿਖੋ, ਜੋ ਤੁਹਾਡੀ ਸਿੱਧੇ ਰੂਪ ਵਿਚ ਮਦਦ ਕਰ ਰਹੀਆਂ ਹਨ।**

ਇੱਥੇ ਕੁਝ ਹੋਰ ਵੀ ਗੱਲਾਂ ਹਨ, ਜਿਨ੍ਹਾਂ ਬਾਰੇ ਤੁਹਾਨੂੰ ਚਿੰਤਾ ਹੋ ਸਕਦੀ ਹੈ :

**ਕੀ ਮੈਂ ਦੋਸ਼ੀ ਜਾਂ ਕੇਸ ਵਿਚ ਸ਼ਾਮਲ ਹੋਰ ਧਿਰਾਂ ਨੂੰ ਵੀ ਮਿਲਾਂਗਾ ?**

ਫ਼ੌਜਦਾਰੀ ਕੇਸਾਂ ਵਿਚ, ਜੇ ਤੁਸੀਂ ਕਚਿਹਰੀ ਦੀ ਇਮਾਰਤ ਅੰਦਰ ਜਾਣ ਜਾਂ ਉਸ ਥਾਂ ਤੇ ਉਡੀਕ ਕਰਨ, ਜਿੱਥੇ ਕੋਈ ਹੋਰ ਵੀ ਹੋਵੇਗਾ, ਬਾਰੇ ਖ਼ਾਸ ਤੌਰ ਤੇ ਚਿੰਤਿਤ ਹੋ ਤਾਂ, ਇਹ ਸੰਭਵ ਹੋ ਸਕਦਾ ਹੈ ਕਿ ਤੁਹਾਨੂੰ ਕੋਈ ਅਦਾਲਤ ਦੀ ਇਮਾਰਤ ਅੰਦਰ ਆਕੇ ਮਿਲੇ।

ਵਿਟਨੈਸ ਸਰਵਿਸ (Witness Service), ਅਦਾਲਤ ਦਾ ਕੋਈ ਅਧਿਕਾਰੀ ਜਾਂ VIA ਤੋਂ ਕੋਈ ਅਧਿਕਾਰੀ ਤੁਹਾਡੇ ਲਈ ਇਸ ਬਾਰੇ ਇੰਤਜ਼ਾਮ ਕਰ ਸਕਦਾ ਹੈ, ਤੁਸੀਂ ਹੋਰ ਗਵਾਹਾਂ ਤੋਂ ਦੂਰ ਕਿਸੇ ਹੋਰ ਕਮਰੇ ਵਿਚ ਉਡੀਕ ਕਰ ਸਕੋਗੇ। ਪਰ ਇਹ ਗਾਰੰਟੀ ਦੇਣੀ ਸੰਭਵ ਨਹੀਂ ਹੋਏਗੀ ਕਿ ਤੁਹਾਡਾ ਕੇਸ ਵਿਚ ਸ਼ਾਮਲ ਹੋਰ ਲੋਕਾਂ ਨਾਲ ਮਿਲਣਾ ਨਹੀਂ ਹੋਏਗਾ।

ਚਿਲਡਰਨਸ ਹਿਅਰਿੰਗ ਕੋਰਟ ਕੇਸਾਂ ਵਿਚ ਚਿਲਡਰਨਸ ਰਿਪੋਰਟਰ ਗਵਾਹਾਂ ਦੀਆਂ ਚਿੰਤਾਵਾਂ ਪ੍ਰਤੀ ਚੌਕਸ ਹੋਏਗਾ ਅਤੇ ਜਿੱਥੇ ਲੋੜ ਹੋਈ, ਉਡੀਕ ਲਈ ਵਖਰੇ ਕਮਰੇ ਇਸਤੇਮਾਲ ਕਰ ਸਕਦਾ ਹੈ, ਤਾਂ ਜੋ ਕੇਸ ਵਿਚ ਸ਼ਾਮਲ ਹੋਰ ਲੋਕਾਂ ਨਾਲ ਮਿਲਣ ਤੋਂ ਬਚਿਆ ਜਾ ਸਕੇ।

**ਕੀ ਜਨਤਾ ਮੇਰੀ ਗਵਾਹੀ ਸੁਣ ਸਕੇਗੀ ?**

ਫ਼ੌਜਦਾਰੀ ਕੇਸਾਂ ਵਿਚ ਅਦਾਲਤ ਆਮ ਤੌਰ ਤੇ ਖੁਲ੍ਹੀ ਹੁੰਦੀ ਹੈ, ਅਤੇ ਜੋ ਲੋਕ ਗਵਾਹ ਹਨ, ਅਤੇ ਉਨ੍ਹਾਂ ਨੇ ਅਜੇ ਆਪਣੀ ਗਵਾਹੀ ਨਹੀਂ ਦਿੱਤੀ, ਉਨ੍ਹਾਂ ਦੇ ਸਿਵਾ ਜਨਤਾ ਦਾ ਕੋਈ ਵੀ ਮੈਂਬਰ ਕਚਿਹਰੀ ਦੇ ਪਿਛਲੇ ਪਾਸੇ ਪਬਲਿਕ ਗੈਲਰੀ ਵਿਚ ਬੈਠ ਕੇ ਗਵਾਹੀ ਸੁਣ ਸਕਦਾ ਹੈ।

ਪਰ, ਇਕ ਰੁਟੀਨ ਦੇ ਤੌਰ ਤੇ, ਅਦਾਲਤ ਨੂੰ ਉਸ ਵੇਲੇ ਲੋਕਾਂ ਨੂੰ ਅੰਦਰ ਆਉਣ ਦੀ ਇਜਾਜ਼ਤ ਨਾ ਦੇਣ ਲਈ ਕਿਹਾ ਜਾ ਸਕਦਾ ਹੈ, ਜਦੋਂ ਇਕ ਕਥਿਤ ਲਿੰਗਕ ਅਪਰਾਧ ਦਾ ਸ਼ਿਕਾਰ ਵਿਅਕਤੀ ਗਵਾਹੀ ਦੇਂਦਾ ਹੋਵੇਗਾ। ਇਹ ਵੀ ਸੰਭਵ ਹੈ ਕਿ ਅਦਾਲਤ ਉਸ ਵੇਲੇ ਹੋਰ ਗਵਾਹਾਂ ਨੂੰ ਵੀ ਅੰਦਰ ਨਾ ਆਉਣ ਦੇਵੇ ਜਦੋਂ ਮਿਸਾਲ ਦੇ ਤੌਰ ਤੇ ਕਿਸੇ ਦੇ ਡਰਾਉਣ ਧਮਕਾਉਣ ਦਾ ਖ਼ਤਰਾ ਹੋਵੇ ਜਾਂ ਗਵਾਹ ਦੀ ਗਵਾਹੀ ਖ਼ਾਸ ਹੀ ਦੁਖਦਾਈ ਹੋਣ ਦੀ ਸੰਭਾਵਨਾ ਹੋਵੇ।

ਬੱਚਿਆਂ ਦੇ ਮਾਮਲਿਆਂ ਦੀ ਸੁਣਵਾਈ ਦੌਰਾਨ ਕੇਸ ਨਾਲ ਸੰਬੰਧਿਤ ਕਈ ਲੋਕਾਂ ਨੂੰ ਅਦਾਲਤ ਵਿਚ ਬੈਠਣ ਦਾ ਹੱਕ ਹੁੰਦਾ ਹੈ।

ਹੋਰ ਕੋਈ ਸਿਰਫ਼ ਸ਼ੈਰਿਫ਼ ਦੀ ਆਗਿਆ ਨਾਲ ਹੀ ਅੰਦਰ ਆ ਸਕੇਗਾ।

ਤੁਹਾਨੂੰ ਧਮਕੀਆਂ ਮਿਲਣ ਬਾਰੇ ਹਮੇਸ਼ਾ ਪੁਲੀਸ ਜਾਂ ਕਚਿਹਰੀ ਦੇ ਕਿਸੇ ਅਧਿਕਾਰੀ ਨੂੰ ਕੇਸ ਤੋਂ ਪਹਿਲਾਂ ਜਾਂ ਉਸ ਦੇ ਦੌਰਾਨ ਦੱਸਣਾ ਚਾਹੀਦਾ ਹੈ।

**ਜੇ ਅੰਗਰੇਜ਼ੀ ਮੇਰੀ ਪਹਿਲੀ ਭਾਸ਼ਾ ਨਹੀਂ ਤਾਂ ਕੀ ਹੋਏਗਾ ?**

ਜੇ ਅੰਗਰੇਜ਼ੀ ਤੁਹਾਡੀ ਪਹਿਲੀ ਭਾਸ਼ਾ ਨਹੀਂ ਤਾਂ ਤੁਹਾਨੂੰ ਇਕ ਦੁਭਾਸ਼ੀਏ ਦੀ ਜ਼ਰੂਰਤ ਹੋਏਗੀ। ਤੁਸੀਂ ਥੋੜ੍ਹੀ ਬਹੁਤੀ ਅੰਗਰੇਜ਼ੀ ਬੋਲ ਸਕਦੇ ਹੋਵੋਗੇ, ਪਰ ਫ਼ਿਰ ਵੀ ਸਭ ਸ਼ਬਦਾਂ ਨੂੰ ਸਮਝਣ ਵਿਚ ਮੁਸ਼ਕਲਾਂ ਹੋ ਸਕਰਦੀਆਂ ਹਨ। ਜਿਸ ਵਿਅਕਤੀ ਨੇ ਤੁਹਾਨੂੰ ਗਵਾਹ ਵਜੋਂ ਤਲਬ ਕੀਤਾ ਹੈ, ਉਹ ਤੁਹਾਡੇ ਲਈ ਦੁਭਾਸ਼ੀਏ ਤੋਂ ਸਹਾਇਤਾ ਲੈਣ ਦਾ ਇੰਤਜ਼ਾਮ ਕਰ ਸਕਦਾ ਹੈ। ਉਹ ਕਚਿਹਰੀ ਨਾਲ ਕੰਮ ਕਰਨਗੇ, ਤਾਂ ਜੋ ਤੁਹਾਨੂੰ ਮੁਕੱਦਮੇ ਜਾਂ ਅਦਾਲਤ ਦੀ ਹੋਰ ਕਾਰਵਾਈ ਦੌਰਾਨ ਲੋੜ ਅਨੁਸਾਰ ਸਹਾਇਤਾ ਮਿਲ ਸਕੇ।

**ਜੇ ਮੈਂ ਅਪਾਹਜ ਹਾਂ, ਫ਼ਿਰ ?**

ਜੇ ਤੁਹਾਨੂੰ ਕੋਈ ਅਪਾਹਜਪੁਣਾ, ਗੱਲਬਾਤ ਸੰਬੰਧੀ ਕੋਈ ਮੁਸ਼ਕਲਾਂ ਜਾਂ ਕੋਈ ਹੋਰ ਵਾਧੂ ਜ਼ਰੂਰਤਾਂ ਹਨ, ਤਾਂ ਜਿਸ ਵਿਅਕਤੀ ਨੇ ਤੁਹਾਨੂੰ ਗਵਾਹ ਵਜੋਂ ਤਲਬ ਕੀਤਾ ਹੈ

(ਉਹ ਵਿਅਕਤੀ ਜਿਸਨੇ ਤੁਹਾਨੂੰ ਅਦਾਲਤ ਵਿਚ ਬੁਲਾਇਆ ਹੈ), ਉਸਨੂੰ ਇਹ ਸਭ ਕੁਝ ਦੱਸਣਾ ਚਾਹੀਦਾ ਹੈ। ਬਹੁਤੀਆਂ ਅਦਾਲਤਾਂ ਰੁਟੀਨ ਦੇ ਤੌਰ ਤੇ ਸਰੀਰਕ ਤੌਰ ਤੇ ਅਪਾਹਜ ਗਵਾਹਾਂ ਦੀ ਸਹਾਇਤਾ ਲਈ ਸਹੂਲਤਾਂ ਉਪਲਬਧ ਕਰਦੀਆਂ ਹਨ। ਕਾਫ਼ੀ ਅਦਾਲਤਾਂ ਵਿਚ ਵ੍ਹੀਲ-ਚੇਅਰ ਪਹੁੰਚ ਸਕਦੀ ਹੈ ਅਤੇ ਬਹੁਤੀਆਂ ਅਦਾਲਤਾਂ ਕੋਲ ਉੱਚਾ ਸੁਣਨ ਵਾਲੇ ਗਵਾਹਾਂ ਦੀ ਸਹਾਇਤਾ ਲਈ ਇਕ 'ਲੂਪ ਸਿਸਟਮ' ਹੁੰਦਾ ਹੈ। ਇਹ ਗੱਲ ਅਹਿਮ ਹੈ, ਕਿ ਜਿਸ ਵਿਅਕਤੀ ਨੇ ਤੁਹਾਨੂੰ ਗਵਾਹ ਵਜੋਂ ਤਲਬ ਕੀਤਾ ਹੈ, ਉਸਨੂੰ ਤੁਸੀਂ ਅਜਿਹੀ ਗੱਲ ਬਾਰੇ ਦੱਸੋ, ਜਿਸ ਬਾਰੇ ਤੁਹਾਨੂੰ ਪੱਕਾ ਪਤਾ ਨਹੀਂ ਜਾਂ ਜੇ ਤੁਹਾਨੂੰ ਵਾਧੂ ਲੋੜਾਂ ਜਾਂ ਤੋਖ਼ਲੇ ਹਨ।

**ਅਦਾਲਤ ਅਜਿਹੇ ਕੁਝ ਗਵਾਹਾਂ ਨੂੰ ਵਿਸ਼ੇਸ਼ ਤੌਰ ਤੇ ਵਲਨਰਏਬਲ (ਅਸੁਰੱਖਿਅਤ) ਮੰਨ ਸਕਦੀ ਹੈ, ਜਿਨ੍ਹਾਂ ਦੀ ਗਵਾਹੀ ਦੀ ਪੱਧਰ ਕਿਸੇ ਮਾਨਸਿਕ ਬੇਤਰਤੀਬੀ ਜਾਂ ਗਵਾਹੀ ਦੇਣ ਸੰਬੰਧੀ ਤਣਾਅ ਨਾਲ ਪ੍ਰਭਵਿਤ ਹੋ ਸਕਦੀ ਹੈ।**

**ਮਾਨਸਿਕ ਬੇਤਰਤੀਬੀ, ਕੋਈ ਮਾਨਸਿਕ ਬੀਮਾਰੀ ਜਾਂ ਕੁਝ ਸਿੱਖਣ ਦੀ ਅਸਮੱਰਥਾ ਵੀ ਹੋ ਸਕਦੀ ਹੈ। ਡਰ ਜਾਂ ਤਣਾਅ ਵੱਖ ਵੱਖ ਕਾਰਣਾਂ ਕਰਕੇ ਵੀ ਪੈਦਾ ਹੋ ਸਕਦਾ ਹੈ।**

**ਜੇ ਤੁਸੀਂ ਸੋਚਦੇ ਹੋ ਕਿ ਤੁਸੀਂ ਅਸੁਰੱਖਿਅਤ ਅਤੇ ਵਲਨਰਏਬਲ ਗਵਾਹ ਹੋ ਸਕਰਦੇ ਹੋ ਤਾਂ ਜਿਸ ਵਿਅਕਤੀ (ਪ੍ਰੋਕਿਉਰੇਟਰ ਫ਼ਿਸਕਲ, ਦੀ ਚਿਲਡਰਨਸ ਰਿਪੋਰਟਰ ਜਾਂ ਕੇਸ ਦੇ ਵਕੀਲ) ਨੇ ਤੁਹਾਨੂੰ ਗਵਾਹ ਵਜੋਂ ਤਲਬ ਕੀਤਾ ਹੈ, ਉਸ ਨਾਲ ਇਸ ਬਾਰੇ ਵਿਚਾਰ ਵਟਾਂਦਰਾ ਕਰੋ। ਉਹ ਤੁਹਾਡੇ ਨਾਲ ਤੁਹਾਡੇ ਹਾਲਾਤ ਬਾਰੇ ਗੱਲਬਾਤ ਕਰਨਗੇ ਅਤੇ ਇਹ ਵੇਖਣਗੇ ਕਿ ਕੀ ਅਦਾਲਤ ਨੂੰ ਇਕ ਅਰਜ਼ੀ, ਕਿ ਤੁਹਾਨੂੰ ਗਵਾਹੀ ਦੇਣ ਵਿਚ ਸਹਾਇਤਾ ਲਈ ਵਿਸ਼ੇਸ਼ ਕਦਮ ਚੁਕੇ ਜਾਣ, ਦੇਣਾ ਸਹੀ ਹੈ ਕਿ ਨਹੀਂ। ਉਹ ਤੁਹਾਨੂੰ ਇਸ ਬਾਰੇ ਵਧ ਜਾਣਕਾਰੀ ਦੇਣਗੇ ਕਿ ਅਦਾਲਤ ਨੂੰ ਕੀ ਵਿਚਾਰ ਕਰਨ ਦੀ ਜ਼ਰੂਰਤ ਹੈ, ਅਤੇ ਤੁਹਾਨੂੰ ਵਿਸ਼ੇਸ਼ ਤੌਰ ਤੇ ਅਸੁਰੱਖਿਅਤ ਗਵਾਹਾਂ ਲਈ ਲਿਖੀ ਕਿਤਾਬਚੀ 'ਗਵਾਹ ਹੋਣਾ - ਵਿਸ਼ੇਸ਼ ਢੰਗਾਂ ਦਾ ਇਸਤੇਮਾਲ' (Being a Witness – The Use of Special Measures) ਦੇ ਸਕਦੇ ਹਨ।**

# ਅਦਾਲਤ ਨਾਲ ਜਾਣ ਪਛਾਣ ਕਰਨ ਲਈ ਉੱਥੇ ਜਾਣਾ

ਬਹੁਤੇ ਲੋਕ ਉਸ ਵੇਲੇ ਗਵਾਹ ਹੋਣ ਵਜੋਂ ਆਪਣੇ ਆਪ ਨੂੰ ਵਧ ਬਿਹਤਰ ਮਹਿਸੂਸ ਕਰਦੇ ਹਨ, ਜਦੋਂ ਉਨ੍ਹਾਂ ਨੂੰ ਇਹ ਪਤਾ ਹੋਵੇ ਕਿ ਅਦਾਲਤ ਵਿਚ ਕੀ ਹੁੰਦਾ ਹੈ ਅਤੇ ਜੇ ਕਦੀ ਪਹਿਲਾਂ ਅਦਾਲਤ ਗਏ ਹੋਣ।

ਅਦਾਲਤਾਂ ਵਿਚ ਇਸ ਤਰ੍ਹਾਂ ਜਾਣ ਦਾ ਪ੍ਰਬੰਧ ਆਮ ਤੌਰ ਤੇ VIA, ਚਿਲਡਰਨਸ ਰਿਪੋਰਟਰ ਜਾਂ ਬਚਾਅ-ਪੱਖ ਦਾ ਵਕੀਲ ਕਰਦਾ ਹੈ।

ਵਿਟਨੈਸ ਸਰਵਿਸ (Witness Service) ਰੁਟੀਨ ਦੇ ਤੌਰ ਤੇ ਅਦਾਲਤ ਨਾਲ ਜਾਣ-ਪਛਾਣ ਲਈ ਅਦਾਲਤਾਂ ਜਾਂ ਟੈਲੀਵਿਯਨ ਨਾਲ ਜੁੜੀ ਕਿਸੇ ਅਜਿਹੀ ਥਾਂ ਤੇ ਜਾਣ ਦਾ ਪ੍ਰਬੰਧ ਕਰਦੀ ਹੈ, ਤਾਂ ਜੋ ਫ਼ੌਜਦਾਰੀ ਕੇਸਾਂ ਵਿਚ ਬੇਚੈਨ ਗਵਾਹਾਂ ਨੂੰ ਅਦਾਲਤਾਂ ਬਾਰੇ ਅਤੇ ਉਨ੍ਹਾਂ ਅੰਦਰ ਹੋ ਰਹੀਆਂ ਕਾਰਵਾਈਆਂ ਦੀ ਕੁਝ ਆਦਤ ਪੈ ਜਾਏ, ਜਿਸ ਨਾਲ ਉਨ੍ਹਾਂ ਦੀ ਬੇਚੈਨੀ ਘਟ ਕਰਨ ਵਿਚ ਸਹਾਇਤਾ ਦਿੱਤੀ ਜਾ ਸਕੇ। ਸਹਾਇਤਾ ਦੇਣ ਵਾਲੀਆਂ ਹੋਰ ਸੰਸਥਾਵਾਂ ਵੀ ਇਸ ਤਰ੍ਹਾਂ ਦੀ ਸਹਾਇਤਾ ਦੇ ਸਕਦੀਆਂ ਹਨ।

ਤੁਸੀਂ ਸੀਡੀ-ਰੋਮ ਤੇ ਅਦਾਲਤ ਦਾ ਹੂਬਹੂ ਚਿੱਤਰ ਵੇਖ ਸਕਦੇ ਹੋ, ਜਿਸ ਵਿਚ ਬਹੁਤ ਅਸੁਰੱਖਿਅਤ ਗਵਾਹਾਂ ਲਈ ਵਿਸ਼ੇਸ਼ ਚੁਕੇ ਜਾਣ ਵਾਲੇ ਕਦਮਾਂ ਬਾਰੇ ਜਾਣਕਾਰੀ ਵੀ ਹੈ, ਅਤੇ ਉਨ੍ਹਾਂ ਦਾ ਇਸਤੇਮਾਲ ਕਿਵੇਂ ਕੀਤਾ ਜਾਂਦਾ ਹੈ, ਇਹ ਵੀ ਦੱਸਿਆ ਗਿਆ ਹੈ।

ਤੁਹਾਨੂੰ ਜਿਸ ਵਿਅਕਤੀ ਨੇ ਗਵਾਹ ਵਜੋਂ ਤਲਬ ਕੀਤਾ ਹੈ, ਉਸਨੂੰ ਤੁਸੀਂ ਇਹ ਸੀਡੀ-ਰੋਮ ਵੀ ਵਿਖਾਣ ਲਈ ਅਤੇ ਸਚਮੁਚ ਅਦਾਲਤ ਜਾਣ ਲਈ ਪ੍ਰਬੰਧ ਕਰਨ ਲਈ ਵੀ ਕਹਿ ਸਕਦੇ ਹੋ।

# ਅਦਾਲਤਾਂ ਅਤੇ ਅਦਾਲਤ ਦੀ ਕਾਰਵਾਈਆਂ

ਸਾਰੇ ਸਕਾਟਲੈਂਡ ਵਿਚ ਅਦਾਲਤਾਂ ਹਨ ਅਤੇ ਉਹ ਵਖ ਵਖ ਤਰ੍ਹਾਂ ਦੇ ਕੇਸਾਂ ਨੂੰ ਨਬੇੜਦੀਆਂ ਹਨ।

**ਫ਼ੌਜਦਾਰੀ ਅਦਾਲਤ ਦੀ ਕਾਰਵਾਈ ਦਾ ਅਮਲ :**

- **ਗੰਭੀਰ ਅਮਲ**
ਫ਼ੌਜਦਾਰੀ ਦੇ ਮਾਮਲੇ ਸਭ ਤੋਂ ਵਧ ਗੰਭੀਰ ਹੁੰਦੇ ਹਨ, ਜਿਨ੍ਹਾਂ ਦਾ ਫ਼ੈਸਲਾ ਕਰਨ ਲਈ ਜਿਊਰੀ ਹੁੰਦੀ ਹੈ। ਇਨ੍ਹਾਂ ਮੁਕੱਦਮਿਆਂ ਦੀ ਸੁਣਵਾਈ ਹਾਈ ਕੋਰਟ ਜਾਂ ਸ਼ੈਰਿਫ਼ ਦੀ ਅਦਾਲਤ ਵਿਚ ਹੁੰਦੀ ਹੈ।

- **ਸੰਖੇਪ ਕਾਰਵਾਈ ਦਾ ਅਮਲ**
ਇਹ ਫ਼ੌਜਦਾਰੀ ਮਾਮਲਿਆਂ ਦੇ ਉਹ ਮੁਕੱਦਮੇ ਹੁੰਦੇ ਹਨ, ਜਿੱਥੇ ਜਿਊਰੀ ਨਹੀਂ ਹੁੰਦੀ, ਅਤੇ ਇੱਥੇ ਸ਼ੈਰਿਫ਼ ਜਾਂ ਮੈਜਿਸਟ੍ਰੇਟ ਹੀ ਮੁਕੱਦਮੇ ਦਾ ਫ਼ੈਸਲਾ ਕਰਦਾ ਹੈ। ਇਨ੍ਹਾਂ ਮੁਕੱਦਮਿਆਂ ਦੀ ਸੁਣਵਾਈ ਸ਼ੈਰਿਫ਼ ਦੀ ਅਦਾਲਤ ਜਾਂ ਜ਼ਿਲਾ ਅਦਾਲਤ ਵਿਚ ਹੁੰਦੀ ਹੈ।

ਫ਼ੌਜਦਾਰੀ ਦੇ ਸਭ ਕੇਸਾਂ ਵਿਚ, ਜੱਜ ਜਾਂ ਜੇ ਕੋਈ ਜਿਊਰੀ ਹੋਈ ਤਾਂ ਉਹ ਸਬੂਤਾਂ ਸਮੇਤ ਸਾਰੀਆਂ ਗਵਾਹੀਆਂ ਸੁਣਨ ਬਾਅਦ ਇਹ ਫ਼ੈਸਲਾ ਕਰਨਗੇ ਕਿ ਦੋਸ਼ੀ ਵਿਅਕਤੀ ਅਪਰਾਧੀ ਹੈ ਕਿ ਨਹੀਂ। ਜੇ ਦੋਸ਼ੀ ਅਪਰਾਧੀ ਸਾਬਤ ਹੋ ਗਿਆ ਤਾਂ ਜੱਜ, ਸ਼ੈਰਿਫ਼ ਜਾਂ ਮੈਜਿਸਟ੍ਰੇਟ ਸਜ਼ਾ ਬਾਰੇ ਫ਼ੈਸਲਾ ਦੇਣਗੇ।

# ਅਦਾਲਤ ਜਾਣਾ

ਤੁਸੀਂ ਅਦਾਲਤ ਦੀਆਂ ਕਾਰਵਾਈਆਂ ਬਾਰੇ ਹੋਰ ਵਧ ਜਾਣਕਾਰੀ VIA ਦੀਆਂ ਕਿਤਾਬਚੀਆਂ ਵਿਚੋਂ ਪੜ੍ਹ ਸਕਦੇ ਹੋ (ਵੇਖੋ ਵੈਬਸਾਈਟ www.crownoffice.gov.uk) ਜਾਂ ਜਿਸ ਵਿਅਕਤੀ ਨੇ ਤੁਹਾਨੂੰ ਗਵਾਹ ਵਜੋਂ ਤਲਬ ਕੀਤਾ ਹੈ, ਉਸ ਤੋਂ ਹੋਰ ਵਧ ਜਾਣਕਾਰੀ ਲਉ।

**ਚਿਲਡਰਨਸ ਹਿਅਰਿੰਗ ਅਦਾਲਤ ਦੀਆਂ ਕਾਰਵਾਈਆਂ**

ਇਨ੍ਹਾਂ ਅਦਾਲਤਾਂ ਦੀਆਂ ਕਾਰਵਾਈਆਂ ਘਟ ਰਸਮੀ ਕਿਸਮ ਦੀਆਂ ਹੁੰਦੀਆਂ ਹਨ। ਬੱਚਿਆਂ ਦੇ ਮਾਮਲਿਆਂ ਦੀ ਸੁਣਵਾਈ ਸ਼ੈਰਿਫ਼ ਦੀ ਅਦਾਲਤ ਵਿਚ ਹੁੰਦੀ ਹੈ, ਪਰ ਕਈ ਵਾਰ ਇਹ ਅਦਾਲਤ ਦੀ ਇਮਾਰਤ ਦੇ ਕਿਸੇ ਛੋਟੇ ਕਮਰੇ ਵਿਚ ਕਰ ਲਈ ਜਾਂਦੀ ਹੈ। ਇਸ ਵਿਚ ਜਦ ਤਕ ਸ਼ੈਰਿਫ਼ ਇਜਾਜ਼ਤ ਨਾ ਦੇਵੇ, ਜਨਤਾ ਦਾ ਕੋਈ ਮੈਂਬਰ ਮੌਜੂਦ ਨਹੀਂ ਹੁੰਦਾ। ਕੋਈ ਜਿਊਰੀ ਨਹੀਂ ਹੁੰਦੀ ਅਤੇ ਇੱਥੇ ਫ਼ੈਸਲਾ ਹਮੇਸ਼ਾ ਸ਼ੈਰਿਫ਼ ਹੀ ਕਰਦਾ ਹੈ।

ਚਿਲਡਰਨਸ ਹਿਅਰਿੰਗ ਦੀ ਅਦਾਲਤ ਵਿਚ ਸ਼ੈਰਿਫ਼ ਸਭ ਗਵਾਹੀਆਂ ਸੁਣੇਗਾ, ਤੇ ਫ਼ੈਸਲਾ ਕਰੇਗਾ ਕਿ ਕੀ ਕੁਝ ਵਾਪਰਿਆ ਸੀ ਜਾਂ ਕਿਸੇ ਬੱਚੇ ਬਾਰੇ ਤੌਖ਼ਲੇ ਸਹੀ ਸਾਬਤ ਹੋ ਗਏ ਹਨ।

ਜੇ ਸ਼ੈਰਿਫ਼ ਚਿਲਡਰਨਸ ਰਿਪੋਰਟਰ ਦੇ ਕੇਸ ਨਾਲ ਸਹਿਮਤ ਹੋ ਜਾਏ ਤਾਂ ਇਸਨੂੰ ਚਿਲਡਰਨਸ ਹਿਅਰਿੰਗ ਕੋਲ ਇਹ ਫ਼ੈਸਲਾ ਕਰਨ ਲਈ ਵਾਪਸ ਭੇਜਿਆ ਜਾਂਦਾ ਹੈ ਕਿ ਬੱਚੇ ਲਈ ਕਿਹੋ ਜਿਹੀ ਸਹਾਇਤਾ ਚਾਹੀਦੀ ਹੈ। ਸ਼ੈਰਿਫ਼ ਇਹ ਫ਼ੈਸਲਾ ਨਹੀਂ ਕਰੇਗਾ ਕਿ ਕੀ ਹੋਣਾ ਚਾਹੀਦਾ ਹੈ, ਚਿਲਡਰਨਸ ਹਿਅਰਿੰਗ ਇਹ ਫ਼ੈਸਲਾ ਕਰੇਗੀ।

ਕਿਉਂਕਿ ਇਨ੍ਹਾਂ ਕੇਸਾਂ ਵਿਚ ਬੱਚੇ ਸ਼ਾਮਲ ਹੁੰਦੇ ਹਨ, ਜਦ ਤਕ ਤੁਸੀਂ ਕਿਸੇ ਬੱਚੇ ਤੇ ਲਗੇ ਕਥਿਤ ਇਲਜ਼ਾਮ ਦਾ ਸ਼ਿਕਾਰ ਨਹੀਂ, ਤੁਹਾਨੂੰ ਆਖ਼ਰੀ ਨਤੀਜੇ ਦਾ ਪਤਾ ਨਹੀਂ ਲਗੇਗਾ।

# ਅਦਾਲਤ ਦੇ ਕਮਰੇ ਵਿਚ ਕੌਣ ਹੈ ਅਤੇ ਉਨ੍ਹਾਂ ਦਾ ਕੀ ਕੰਮ ਹੈ ?

**ਫ਼ੌਜਦਾਰੀ ਅਦਾਲਤ ਦੀਆਂ ਕਾਰਵਾਈਆਂ ਵਿਚ**

● **ਜੱਜ ਜਾਂ ਸ਼ੈਰਿਫ਼** : ਜੱਜ ਜਾਂ ਸ਼ੈਰਿਫ਼ ਕਾਨੂੰਨ ਦਾ ਮਾਹਿਰ ਹੁੰਦਾ ਹੈ, ਅਤੇ ਉਹ ਅਦਾਲਤ ਦੇ ਪੂਰੇ ਅਮਲ ਦੇ ਕਰਤੇ ਧਰਤੇ ਹੁੰਦੇ ਹਨ। ਉਹ ਇਹ ਯਕੀਨੀ ਬਣਾਉਂਦੇ ਹਨ ਕਿ ਹਰ ਇਕ ਕੰਮ ਕਾਨੂੰਨ ਤਹਿਤ ਹੋਵੇ ਅਤੇਉਸ ਵਿਚ ਅਦਾਲਤ ਦੇ ਨੇਮ ਅਤੇ ਕਾਨੂੰਨੀ ਵਿਧੀਆਂ ਦਾ ਪਾਲਣ ਕੀਤਾ ਜਾਏਗਾ। ਉਨ੍ਹਾਂ ਦਾ ਇਹ ਵੀ ਫ਼ਰਜ਼ ਹੁੰਦਾ ਹੈ ਕਿ ਉਹ ਗਵਾਹਾਂ ਸਮੇਤ, ਮਾਮਲੇ ਵਿਚ ਸ਼ਾਮਲ ਸਭ ਲੋਕਾਂ ਦੇ ਹਿਤਾਂ ਦੀ ਰੱਖਿਆ ਕਰਨ।

● **ਪ੍ਰੋਕਿਉਰੇਟਰ ਫ਼ਿਸਕਲ ਜਾਂ ਐਡਵੋਕੇਟ ਡਿਪਿਊਟ** : ਇਹ ਸਰਕਾਰੀ ਵਕੀਲ ਹੁੰਦਾ ਹੈ, ਜਿਸਨੇ ਸਾਇਦ ਤੁਹਾਨੂੰ ਇਕ ਫ਼ੌਜਦਾਰੀ ਮੁਕੱਦਮੇ ਦਾ ਗਵਾਹ ਬਣਨ ਲਈ ਕਿਹਾ ਹੈ। ਪ੍ਰੋਕਿਉਰੇਟਰ ਫ਼ਿਸਕਲ ਜਾਂ ਐਡਵੋਕੇਟ ਡਿਪਿਊਟ ਜਿਸ ਵਿਅਕਤੀ ਤੇ ਜੁਰਮ ਕਰਨ ਦਾ ਇਲਜ਼ਾਮ ਲਗਾ ਹੈ, ਉਸ ਵਿਰੁੱਧ ਮੁੱਦਈ ਧਿਰ ਦਾ ਪੱਖ ਪੇਸ਼ ਕਰਦਾ ਹੈ। ਸਰਕਾਰੀ ਵਕੀਲ ਤੇ 'ਸਬੂਤ ਦਾ ਭਾਰ' ਹੁੰਦਾ ਹੈ, ਜਿਸਦਾ ਅਰਥ ਹੈ, ਕਿ ਉਨ੍ਹਾਂ ਨੂੰ ਇਹ ਸਾਬਤ ਕਰਨ ਲਈ ਕਿ ਦੋਸ਼ੀ ਵਿਅਕਤੀ ਸਚਮੁਚ ਅਪਰਾਧੀ ਹੈ, 'ਕਿਸੇ ਸ਼ਕ ਸੁਬਹ ਦੀ ਕੋਈ ਗੁੰਜਾਇਸ਼ ਨਹੀਂ' ਅਤੇ ਇਸ ਲਈ ਕਾਫ਼ੀ ਜ਼ਿਆਦਾ ਸਬੂਤ ਦੇਣੇ ਪੈਂਦੇ ਹਨ। ਉਹ ਅਦਾਲਤ ਵਿਚ ਗਵਾਹਾਂ ਨੂੰ ਸਵਾਲ ਪੁਛਦੇ ਹਨ ਤਾਂ ਜੋ ਗਵਾਹ ਆਪੇ ਜਵਾਬਾਂ ਵਿਚ ਸਬੂਤ ਦੇ ਸਕਣ।

● **ਡੀਫ਼ੈਂਸ ਲਾਇਰ (ਬਚਾਅ ਪੱਖ ਦਾ ਵਕੀਲ)** : ਬਚਾਅ ਪੱਖ ਦਾ ਵਕੀਲ, ਦੋਸ਼ੀ ਵਿਅਕਤੀ ਦੇ ਪੱਖ ਵਲੋਂ ਕਾਰਵਾਈ ਕਰਦਾ ਹੈ ਅਤੇ ਉਹ ਸਰਕਾਰੀ ਵਕੀਲ ਵਲੋਂ ਪੇਸ਼ ਕੀਤੀਆਂ ਗਵਾਹੀਆਂ ਅਤੇ ਸਬੂਤਾਂ ਦੀ ਪਰਖ ਕਰਕੇ ਦੋਸ਼ੀ ਵਿਅਕਤੀ ਦੀ ਸਥਿੱਤੀ ਅਦਾਲਤ ਅੱਗੇ ਪੇਸ਼ ਕਰਦਾ ਹੈ। ਉਨ੍ਹਾਂ ਨੂੰ ਹਰ ਸਮੇਂ ਦੋਸ਼ੀ ਦੇ ਹਿਤਾਂ ਦੀ ਰੱਖਿਆ ਕਰਨੀ ਪੈਂਦੀ ਹੈ। ਜੇ ਇਕ ਤੋਂ ਵਧ ਦੋਸ਼ੀ ਹਨ ਤਾਂ ਅਦਾਲਤ ਵਿਚ ਇਕ ਤੋਂ ਵਧ ਵਕੀਲ ਹੋਣਗੇ, ਅਤੇ ਉਹ ਸਭ ਗਵਾਹਾਂ ਨੂੰ ਉਨ੍ਹਾਂ ਦੀ ਗਵਾਹੀ ਬਾਰੇ ਸਵਾਲ ਪੁਛ ਸਕਦੇ ਹਨ। ਕਈ ਵਾਰ ਡੀਫ਼ੈਂਸ ਲਾਇਰ ਹੀ ਉਹ ਵਿਅਕਤੀ ਹੋ ਸਕਦਾ ਹੈ, ਜਿਸਨੇ ਤੁਹਾਨੂੰ ਗਵਾਹ ਬਣਨ ਲਈ ਕਿਹਾ ਹੋਏਗਾ।

● **ਜਿਊਰੀ** : ਕਈ ਕੇਸਾਂ ਵਿਚ ਜਿਊਰੀ ਇਹ ਫ਼ੈਸਲਾ ਕਰਦੀ ਹੈ ਕਿ ਕੀ ਕਾਨੂੰਨ ਦੀ ਉਲੰਘਣਾ ਕੀਤੀ ਗਈ ਹੈ। ਸਕਾਟਲੈਂਡ ਵਿਚ ਇਕ ਜਿਊਰੀ ਵਿਚ 15 ਵਿਅਕਤੀ ਹੁੰਦੇ ਹਨ। ਇਹ ਜਨਤਾ ਦੇ ਉਹ ਵਿਅਕਤੀ ਹੁੰਦੇ ਹਨ, ਜਿਨ੍ਹਾਂ ਨੂੰ ਮੁਕੱਦਮਾ ਸ਼ੁਰੂ ਹੋਣ ਤੋਂ ਪਹਿਲਾਂ ਇਸ ਬਾਰੇ ਕੁਝ ਵੀ ਪਤਾ ਨਹੀਂ ਹੁੰਦਾ। ਉਹ ਗਵਾਹੀਆਂ ਸੁਣਦੇ ਹਨ, ਅਤੇ ਫ਼ੈਸਲਾ ਕਰਦੇ ਹਨ ਕਿ ਕੀ ਦੋਸ਼ੀ ਵਿਅਕਤੀ ਵਿਰੁੱਧ ਕੇਸ ਕਿਸੇ 'ਸ਼ਕ ਸੁਬਹ ਦੀ ਗੁੰਜਾਇਸ਼' ਤੋਂ ਬਿਨ੍ਹਾਂ ਸਾਬਤ ਹੋ ਗਿਆ ਹੈ।

● **ਅਦਾਲਤ ਦਾ ਕਲਰਕ** : ਇਹ ਵਿਅਕਤੀ ਜੱਜ ਦੀ ਸਹਾਇਤਾ ਅਤੇ ਅਦਾਲਤ ਦੇ ਕਾਗਜ਼ਾਤ ਅਤੇ ਰਿਕਾਰਡ ਰਖਣ ਲਈ ਜ਼ਿੰਮੇਵਾਰ ਹੈ।

● **ਅਦਾਲਤ ਦਾ ਅਧਿਕਾਰੀ** : ਇਹ ਵਿਅਕਤੀ ਅਦਾਲਤ ਦੀ ਸਹਾਇਤਾ ਕਰਦਾ ਹੈ ਅਤੇ ਗਵਾਹਾਂ ਨੂੰ ਦੱਸਦਾ ਹੈ ਕਿ ਉਨ੍ਹਾਂ ਦੀ ਗਵਾਹੀ ਦੀ ਵਾਰੀ ਕਦੋਂ ਆਏਗੀ। ਉਨ੍ਹਾਂ ਨੂੰ ਇਹ ਵੀ ਕਿਹਾ ਜਾ ਸਕਦਾ ਹੈ ਕਿ ਉਹ ਗਵਾਹ ਨੂੰ ਵਖ ਵਖ ਤਰ੍ਹਾਂ ਦੇ ਸਬੂਤ ਵਿਖਾਉਣ ਜਿਵੇਂ ਕਿ ਕੋਈ ਕਪੜਾ, ਤਸਵੀਰਾਂ ਜਾਂ ਹੋਰ ਕਈ ਚੀਜ਼ਾਂ।

●**ਦੋਸ਼ੀ** : ਇਹ ਉਹ ਵਿਅਕਤੀ ਹੈ, ਜਿਸ ਤੇ ਅਪਰਾਧ ਕਰਨ ਦਾ ਦੋਸ਼ ਲਗਾ ਹੈ।

● **ਅਦਾਲਤ ਦੀ ਪੁਲੀਸ ਜਾਂ ਸੁਰੱਖਿਆ ਅਧਿਕਾਰੀ** : ਉਹ ਇਹ ਯਕੀਨੀ ਬਣਾਉਣ ਲਈ ਮੌਜੂਦ ਹੋਣਗੇ ਕਿ ਅਦਾਲਤ ਵਿਚ ਸਭ ਦਾ ਵਿਉਹਾਰ ਠੀਕ ਹੋਵੇ ਅਤੇ ਸਭ ਸੁਰੱਖਿਅਤ ਹੋਣ।

● **ਜਨਤਾ** : ਫ਼ੌਜਦਾਰੀ ਅਦਾਲਤਾਂ ਅਕਸਰ ਜਨਤਾ ਲਈ ਖੁਲ੍ਹੀਆਂ ਹੁੰਦੀਆਂ ਹਨ। 14 ਸਾਲ ਤੋਂ ਵਧ ਉਮਰ ਦੇ ਲੋਕ ਅਦਾਲਤ ਦੇ ਕਮਰੇ ਅੰਦਰ ਪਿਛਲੇ ਪਾਸੇ ਬੈਠ ਕੇ ਗਵਾਹਾਂ ਅਤੇ ਵਕੀਲਾਂ ਦੀ ਗੱਲਬਾਤ ਸੁਣ ਸਕਦੇ ਹਨ, ਪਰ ਕਈ ਕੇਸਾਂ ਵਿਚ, ਅਦਾਲਤਾਂ ਵਿਚ ਲੋਕਾਂ ਦਾ ਆਉਣਾ ਬੰਦ ਕਰ ਦਿੱਤਾ ਜਾਂਦਾ ਹੈ।

**ਪੱਤਰਕਾਰਾਂ ਨੂੰ ਅਦਾਲਤਾਂ ਵਿਚੋਂ ਕਦੀ ਵੀ ਬਾਹਰ ਨਹੀਂ ਰੱਖਿਆ ਜਾਂਦਾ, ਉਦੋਂ ਵੀ ਜਦੋਂ ਜਨਤਾ ਲਈ ਅਦਾਲਤ ਬੰਦ ਕੀਤੀ ਜਾਂਦੀ ਹੈ। ਜੇ ਪ੍ਰੈਸ ਕਿਸੇ ਕੇਸ ਬਾਰੇ ਖ਼ਬਰ ਦੇਣਾ ਚਾਹੇ ਤਾਂ ਉਹ ਕਿਸੇ ਲਿੰਗਕ ਅਪਰਾਧ ਦੇ ਸ਼ਿਕਾਰ ਪੀੜਿਤ ਦੀ ਪਛਾਣ ਪ੍ਰਗਟ ਨਹੀਂ ਕਰਦੇ।**

**ਚਿਲਡਰਨਸ ਹਿਅਰਿੰਗ ਅਦਾਲਤ ਵਿਚ ਕਾਰਵਾਈ**

● **ਸ਼ੈਰਿਫ਼** : ਅਦਾਲਤ ਦੀ ਸਾਰੀ ਕਾਰਵਾਈ ਦਾ ਕਰਤਾ ਧਰਤਾ ਸ਼ੈਰਿਫ਼ ਹੈ, ਜੋ ਕਾਨੂੰਨ ਦਾ ਮਾਹਿਰ ਹੁੰਦਾ ਹੈ। ਉਹ ਇਹ ਯਕੀਨੀ ਬਣਾਏਗਾ/ਬਣਾਏਗੀ ਕਿ ਸਾਰੀ ਕਾਰਵਾਈ ਕਾਨੂੰਨ ਤਹਿਤ ਹੋਏ ਅਤੇ ਅਦਾਲਤ ਦੇ ਨੇਮ ਅਤੇ ਕਾਨੂੰਨੀ ਅਮਲ ਦਾ ਪਾਲਣ ਕੀਤਾ ਜਾਏ। ਉਨ੍ਹਾਂ ਦਾ ਇਹ ਵੀ ਫ਼ਰਜ਼ ਬਣਦਾ ਹੈ ਕਿ ਉਹ ਗਵਾਹਾਂ ਸਮੇਤ ਮਾਮਲੇ ਵਿਚ ਸ਼ਾਮਲ ਸਭ ਲੋਕਾਂ ਦੇ ਹਿਤਾਂ ਦੀ ਰੱਖਿਆ ਕਰਨ।

● **ਚਿਲਡਰਨਸ ਰਿਪੋਰਟਰ** : ਚਿਲਡਰਨਸ ਰਿਪੋਰਟਰ ਉਹ ਵਿਅਕਤੀ ਹੈ, ਜੋ ਬੱਚਿਆਂ ਦੀ ਸੁਣਵਾਈ ਦੀ ਅਦਾਲਤ ਵਿਚ ਕੇਸ ਨੂੰ ਪੇਸ਼ ਕਰਦਾ ਹੈ, ਅਤੇ ਹੋ ਸਕਦਾ ਹੈ ਉਸਨੇ ਤੁਹਾਨੂੰ ਗਵਾਹੀ ਲਈ ਬੁਲਾਇਆ ਹੋਵੇ। ਉਹ ਅਦਾਲਤ ਵਿਚ ਸਵਾਲ ਪੁੱਛਣਗੇ ਤਾਂ ਜੋ ਸਾਰੇ ਗਵਾਹ ਆਪਣੇ ਸਬੂਤ ਦੇ ਸਕਣ। ਉਹ ਬੱਚੇ ਦੇ ਹਿੱਤ ਧਿਆਨ ਵਿਚ ਰਖਦੇ ਹਨ, ਪਰ ਬੱਚੇ ਦੀ ਪ੍ਰਤੀਨਿਧਤਾ ਨਹੀਂ ਕਰਦੇ।

● **ਸੇਫ਼ਗਾਰਡਰ (ਰੱਖਿਅਕ)** : ਸੇਫ਼ਗਾਰਡਰ ਇਕ ਖ਼ੁਦਮੁਖ਼ਤਾਰ ਵਿਅਕਤੀ ਹੈ, ਜੋ ਬੱਚੇ ਦੇ ਹਿੱਤ ਦਾ ਧਿਆਨ ਰਖਣ ਲਈ ਨਿਯੁਕਤ ਕੀਤਾ ਗਿਆ ਹੋਵੇਗਾ। ਉਹ ਕਈ ਵਾਰ ਬੱਚਿਆਂ ਦੀ ਅਦਾਲਤ ਵਿਚ ਸੁਣਵਾਈ ਦੌਰਾਨ ਮੌਜੂਦ ਰਹਿੰਦੇ ਹਨ ਅਤੇ ਉਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰਨਗੇ ਕਿ ਜੋ ਵੀ ਫ਼ੈਸਲਾ ਹੋਏਗਾ, ਬੱਚੇ ਲਈ ਸਭ ਤੋਂ ਸਹੀ ਹੋਏਗਾ।

● **ਹੋਰ ਉਹ ਲੋਕ ਜੋ ਕਾਰਵਾਈ ਦੇ ਅਮਲ ਵਿਚ ਸਿੱਧੇ ਰੂਪ ਵਿਚ ਸ਼ਾਮਲ ਹਨ** : ਇਹ ਬੱਚਾ, ਪਰਿਵਾਰ ਜਾਂ ਬੱਚੇ ਦੇ ਕੇਸ ਵਿਚ ਸਿੱਧੀ ਤਰ੍ਹਾਂ ਸ਼ਾਮਲ ਲੋਕ ਹਨ, ਹੋ ਸਕਦਾ ਹੈ ਜੋ ਅਦਾਲਤ ਦੇ ਕਮਰੇ ਵਿਚ ਹੋਣਗੇ।

● **ਹੋਰ ਵਕੀਲ** : ਅਦਾਲਤ ਦੇ ਕਮਰੇ ਵਿਚ ਇਕ ਤੋਂ ਜ਼ਿਆਦਾ ਬੱਚੇ ਦੇ ਕੇਸ ਵਿਚ ਸਿੱਧੇ ਤੌਰ ਤੇ ਸ਼ਾਮਲ ਹੋਰ ਲੋਕਾਂ ਦੇ ਵਕੀਲ ਵੀ ਹੋ ਸਕਦੇ ਹਨ। ਉਹ ਗਵਾਹ ਵਲੋਂ ਦਿੱਤੀ ਗਵਾਹੀ ਬਾਰੇ ਸਵਾਲ ਕਰ ਸਕਦੇ ਹਨ। ਕਈ ਵਾਰ ਵਕੀਲ ਹੀ ਉਹ ਵਿਅਕਤੀ ਹੋ ਸਕਦਾ ਹੈ, ਜਿਸਨੇ ਤੁਹਾਨੂੰ ਗਵਾਹੀ ਦੇਣ ਲਈ ਕਿਹਾ ਹੋਏਗਾ।

ਜਨਤਾ ਅਤੇ ਪ੍ਰੈਸ ਨੂੰ ਬੱਚਿਆਂ ਦੀ ਸੁਣਵਾਈ ਕਰਨ ਵਾਲੀਆਂ ਅਦਾਲਤਾਂ ਵਿਚ ਜਾਣ ਦੀ ਆਗਿਆ ਉਦੋਂ ਤਕ ਨਹੀਂ ਦਿੱਤੀ ਜਾਂਦੀ ਜਦ ਤਕ ਸ਼ੈਰਿਫ਼ ਨਾ ਕਹੇ। ਬਹੁਤੇ ਕੇਸਾਂ ਵਿਚ, ਜਨਤਾ ਅਤੇ ਪ੍ਰੈਸ ਨੂੰ ਅਦਾਲਤ ਵਿਚ ਮੌਜੂਦ ਰਹਿਣ ਦੀ ਆਗਿਆ ਨਹੀਂ ਹੁੰਦੀ।

# ਅਦਾਲਤ ਦੇ ਮੁਕੱਦਮੇ ਦੀ ਤਿਆਰੀ ਕਿਵੇਂ ਕੀਤੀ ਜਾਂਦੀ ਹੈ

**ਫ਼ੌਜਦਾਰੀ ਕੇਸ ਦੀ ਕਾਰਵਾਈ**

ਪ੍ਰੋਕਿਉਰੇਟਰ ਫ਼ਿਸਕਲ (ਸਰਕਾਰੀ ਵਕੀਲ) ਇਹ ਫ਼ੈਸਲਾ ਸੁਤੰਤਰ ਤੌਰ ਤੇ ਕਰਦਾ ਹੈ, ਕਿ ਕਿਸੇ ਕੇਸ ਨੂੰ ਅਦਾਲਤ ਵਿਚ ਭੇਜਣਾ ਹੈ ਕਿ ਨਹੀਂ। ਕਿਸੇ ਕੇਸ ਨੂੰ ਅਦਾਲਤ ਵਿਚ ਉਦੋਂ ਹੀ ਲਿਜਾਇਆ ਜਾ ਸਕਦਾ ਹੈ, ਜਦੋਂ ਪ੍ਰੋਕਿਉਰੇਟਰ ਫ਼ਿਸਕਲ ਨੂੰ ਇਹ ਵਿਸ਼ਵਾਸ਼ ਹੋਵੇ ਕਿ ਇਸ ਗੱਲ ਦੇ ਕਾਫ਼ੀ ਸਬੂਤ ਹਨ ਕਿ ਦੋਸ਼ੀ ਵਿਅਕਤੀ ਨੇ ਅਪਰਾਧ ਕੀਤਾ ਹੈ। ਜੇ ਦੋਸ਼ੀ ਵਿਅਕਤੀ ਅਪੀਲ ਕਰਦਾ ਹੈ ਕਿ ਉਹ 'ਗੁਨਹਗਾਰ ਨਹੀਂ' ਤਾਂ ਮੁਕੱਦਮਾ ਚਲੇਗਾ ਅਤੇ ਗਵਾਹਾਂ ਕੋਲੋਂ ਸਬੂਤ ਅਤੇ ਗਵਾਹੀਆਂ ਦੇਣ ਦੀ ਆਸ ਰਖੀ ਜਾਏਗੀ।

**ਚਿਲਡਰਨਸ ਹਿਅਰਿੰਗ ਅਦਾਲਤ ਦੀ ਕਾਰਵਾਈ**

ਚਿਲਡਰਨਸ ਰਿਪੋਰਟ ਇਹ ਫ਼ੈਸਲਾ ਸੁਤੰਤਰ ਤੌਰ ਤੇ ਕਰਦਾ ਹੈ ਕਿ ਕਿਸੇ ਕੇਸ ਨੂੰ ਚਿਲਡਰਨਸ ਹਿਅਰਿੰਗ ਵਿਚ ਭੇਜਣ ਦੀ ਜ਼ਰੂਰਤ ਹੈ। ਚਿਲਡਰਨਸ ਹਿਅਰਿੰਗ ਦਾ ਕੇਸ ਉਦੋਂ ਅਦਾਲਤ ਵਿਚ ਭੇਜਿਆ ਜਾਏਗਾ, ਜਦੋਂ ਹਿਅਰਿੰਗ ਵਿਚ ਸ਼ਾਮਲ ਲੋਕ ਜੋ ਵਾਪਰਿਆ ਹੈ, ਉਸ ਬਾਰੇ ਸਹਿਮਤ ਨਾ ਹੋਣ ਜਾਂ ਬੱਚਾ ਕੁਝ ਸਮਝਣ ਲਈ ਬਹੁਤ ਛੋਟਾ ਹੋਵੇ।

**ਕੱਚੀ ਜਾਂ ਪਹਿਲੀ ਸੁਣਵਾਈ (ਪ੍ਰੀਕਾਗਨਿਸ਼ਨ)**

ਜਦੋਂ ਪ੍ਰੋਕਿਉਰੇਟਰ ਫ਼ਿਸਕਲ ਜਾਂ ਬਚਾਅ ਪੱਖ ਦਾ ਵਕੀਲ ਇਕ ਫ਼ੌਜਦਾਰੀ ਮੁਕੱਦਮੇ ਨੂੰ ਗੰਭੀਰ ਕਾਰਵਾਈ ਵਿਚ ਤਿਆਰ ਕਰ ਰਿਹਾ ਹੁੰਦਾ ਹੈ, ਤਾਂ ਉਹ ਤੁਹਾਨੂੰ ਇਕ ਚਿੱਠੀ ਭੇਜ ਸਕਦਾ ਹੈ, ਜਿਸਨੂੰ 'ਸਾਈਟੇਸ਼ਨ' (ਤਲਬ ਕਰਨਾ ਜਾਂ ਸੰਮਨ ਭੇਜਣਾ) ਵੀ ਕਿਹਾ ਜਾਂਦਾ ਹੈ, ਜਿਸ ਵਿਚ ਤੁਹਾਨੂੰ ਇਕ ਮੀਟਿੰਗ ਵਿਚ ਆਉਣ ਲਈ ਕਿਹਾ ਜਾਂਦਾ ਹੈ, ਜਿਸ ਵਿਚ ਤੁਹਾਡੇ ਕੋਲੋਂ ਇਕ ਬਿਆਨ ਲਿਆ ਜਾਏਗਾ। ਇਸ ਮੀਟਿੰਗ ਵਿਚ ਲਏ ਗਏ ਬਿਆਨ ਨੂੰ ਹੀ ਪਹਿਲੀ ਸੁਣਵਾਈ ਜਾਂ ਪ੍ਰੀਕਾਗਨਿਸ਼ਨ ਕਿਹਾ ਜਾਂਦਾ ਹੈ।

# ਅਦਾਲਤ ਜਾਣਾ

**ਬੈਨਤੀ ਕਰਨ ਤੇ, ਇਕ ਗਵਾਹ ਨੂੰ ਇਕ ਪੂਰਵ ਬਿਆਨ (ਪ੍ਰੀਕਾਗਨਿਸ਼ਨ) ਦੇਣਾ ਪਏਗਾ।**

ਚਿਲਡਰਨਸ ਹਿਅਰਿੰਗ ਦੀ ਅਦਾਲਤ ਦੇ ਕੇਸ ਵਿਚ ਰਿਪੋਰਟਰ ਆਮ ਤੌਰ ਤੇ ਕੇਸ ਤਿਆਰ ਕਰਨ ਲਈ ਪਿਛੋਕੜ ਦੀਆਂ ਖ਼ਬਰਾਂ ਅਤੇ ਬਿਆਨਾਂ ਤੇ ਹੀ ਨਿਰਭਰ ਕਰਦਾ ਹੈ, ਪਰ ਕਦੀ ਕਦੀ ਉਹ ਤੁਹਾਨੂੰ ਪੂਰਵ ਬਿਆਨ ਜਾਂ ਫਿਰ ਆਮ ਤਿਆਰੀ ਲਈ ਮਿਲਣਾ ਚਾਹੁੰਦੇ ਹਨ।

ਹੋਰ ਵੀ ਵਕੀਲ ਹੋਣਗੇ, ਜੋ ਜਾਂ ਤੇ ਦੋਸ਼ੀ ਜਾਂ ਕੇਸ ਵਿਚ ਸ਼ਾਮਲ ਕਿਸੇ ਹੋਰ ਵਿਅਕਤੀ ਵਲੋਂ ਤੁਹਾਨੂੰ ਮਿਲਣਾ ਚਾਹੁਣਗੇ। ਅਦਾਲਤ ਦੇ ਕਿਸੇ ਕੇਸ ਦੀ ਤਿਆਰੀ ਦਾ ਇਹ ਨਾਰਮਲ ਹਿੱਸਾ ਹੈ।

ਤੁਸੀਂ ਆਪ ਇਹ ਫ਼ੈਸਲਾ ਕਰ ਸਕਦੇ ਹੋ ਕਿ ਤੁਸੀਂ ਵਕੀਲਾਂ ਨੂੰ ਕਿੱਥੇ ਅਤੇ ਕਦੋਂ ਮਿਲੋਗੇ। ਜੇ ਇਨ੍ਹਾਂ ਮੀਟਿੰਗਾਂ ਬਾਰੇ ਤੁਹਾਡੇ ਕੋਈ ਸਵਾਲ ਹਨ, ਤਾਂ ਤੁਹਾਨੂੰ ਇਨ੍ਹਾਂ ਬਾਰੇ ਉਸ ਵਿਅਕਤੀ ਨਾਲ ਗੱਲਬਾਤ ਕਰਨੀ ਚਾਹੀਦੀ ਹੈ, ਜਿਸਨੇ ਤੁਹਾਨੂੰ ਗਵਾਹ ਵਜੋਂ ਤਲਬ ਕੀਤਾ ਹੈ।

ਕਈ ਕੇਸਾਂ ਵਿਚ, ਦੋਸ਼ੀ ਵਿਅਕਤੀ ਦਾ ਕੋਈ ਵਕੀਲ ਨਹੀਂ ਹੁੰਦਾ ਪਰ ਉਹ ਗਵਾਹਾਂ ਨਾਲ ਮੁਲਾਕਾਤ ਕਰਨੀ ਚਾਹੁੰਦਾ ਹੈ। ਜੇ ਇੰਜ ਹੁੰਦਾ ਹੈ, ਅਤੇ ਤੁਹਾਨੂੰ ਪੱਕਾ ਪਤਾ ਨਹੀਂ ਕਿ ਕੀ ਕਰਨਾ ਚਾਹੀਦਾ ਹੈ, ਜਾਂ ਤੁਸੀਂ ਇਸ ਬਾਰੇ ਹੋਰ ਤਰ੍ਹਾਂ ਨਾਲ ਚਿੰਤਿਤ ਹੋ, ਤੁਹਾਨੂੰ ਉਸਵਿਅਕਤੀ ਨਾਲ ਗੱਲ ਕਰਨੀ ਚਾਹੀਦੀ ਹੈ, ਜਿਸਨੇ ਤੁਹਾਨੂੰ ਗਵਾਹ ਵਜੋਂ ਤਲਬ ਕੀਤਾ ਹੈ।

# ਅਦਾਲਤ ਦੀ ਤਾਰੀਖ਼

ਅਦਾਲਤ ਵਿਚ ਕੇਸ ਤੋਂ ਪਹਿਲਾਂ, ਤੁਹਾਨੂੰ ਕੇਸ ਦੇ ਬਾਰੇ ਇਕ ਸਾਈਟੇਸ਼ਨ ਜਾਂ ਇਕ ਚਿੱਠੀ ਮਿਲੇਗੀ ਜਿਸ ਵਿਚ ਕੇਸ ਦੇ ਸ਼ੁਰੂ ਹੋਣ ਦੀ ਤਾਰੀਖ਼ ਬਾਰੇ ਤੁਹਾਨੂੰ ਦੱਸਿਆ ਜਾਏਗਾ।

**ਸਾਈਟੇਸ਼ਨ ਅਦਾਲਤ ਵਿਚ ਹਾਜ਼ਰ ਹੋਣ ਲਈ ਇਕ ਰਸਮੀ ਨੋਟਿਸ ਹੈ। ਇਸ ਨੂੰ ਅਣਵੇਖਿਆ ਨਹੀਂ ਕੀਤਾ ਜਾ ਸਕਦਾ।**

ਇਹ ਅਹਿਮ ਹੈ ਕਿ ਤੁਸੀਂ ਸਾਈਟੇਸ਼ਨ ਵਿਚ ਦੱਸੀ ਹੋਈ ਥਾਂ ਅਤੇ ਦੱਸੇ ਹੋਏ ਸਮੇਂ ਤੇ ਪੁੱਜੋ।

ਜੇ ਕੋਈ ਅਜਿਹਾ ਜ਼ਰੂਰੀ ਕਾਰਣ ਹੈ ਕਿ ਤੁਹਾਡੇ ਲਈ ਸਾਈਟੇਸ਼ਨ ਵਿਚ ਦਿੱਤੀ ਤਾਰੀਖ਼ ਤੇ ਪੁਜਣਾ ਮੁਸ਼ਕਲ ਹੈ, ਜਿਵੇਂ ਕਿ ਤੁਸੀਂ ਉਸੇ ਤਾਰੀਖ਼ ਨੂੰ ਹਸਪਤਾਲ ਦੀ ਕਿਸੇ ਅਪਾਇੰਟਮੈਂਟ ਤੇ ਪਹੁੰਚਣਾ ਹੈ, ਤਾਂ ਤੁਹਾਨੂੰ ਪ੍ਰੋਕਿਉਰੇਟਰ ਫ਼ਿਸਕਲ, ਚਿਲਡਰਨਸ ਰਿਪੋਰਟਰ ਜਾਂ ਵਕੀਲ ਨੂੰ ਫ਼ੌਰਨ ਦੱਸਣਾ ਚਾਹੀਦਾ ਹੈ।

ਜੇ ਸਾਈਟੇਸ਼ਨ ਬਾਰੇ ਜਾਂ ਅਦਾਲਤ ਵਿਚ ਹਾਜ਼ਰ ਹੋਣ ਬਾਰੇ ਤੁਹਾਡੇ ਕੋਈ ਸਵਾਲ ਜਾਂ ਚਿੰਤਾਵਾਂ ਹਨ, ਤਾਂ ਵੀ ਤੁਹਾਨੂੰ ਉਨ੍ਹਾਂ ਨੂੰ ਮਿਲਣਾ ਚਾਹੀਦਾ ਹੈ।

ਜੇ ਤੁਹਾਨੂੰ ਗਵਾਹ ਵਜੋਂ ਬੁਲਾਇਆ ਗਿਆ ਹੈ, ਤਾਂ ਤੁਹਾਡਾ ਅਦਾਲਤ ਵਿਚ ਹਾਜ਼ਰ ਹੋਣਾ ਜ਼ਰੂਰੀ ਹੈ।

**ਫ਼ੌਜਦਾਰੀ ਅਤੇ ਚਿਲਡਰਨ ਹਿਅਰਿੰਗ ਕੋਰਟ ਦੋਹਾਂ ਕੇਸਾਂ ਦੀ ਸੁਣਵਾਈ ਦੌਰਾਨ ਜੇ ਤੁਸੀਂ ਉੱਥੇ ਨਹੀਂ ਪਹੁੰਚਦੇ, ਤਾਂ ਅਦਾਲਤ ਤੁਹਾਨੂੰ ਸੰਮਨ ਜਾਂ ਤੁਹਾਡੀ ਗ੍ਰਿਫ਼ਤਾਰੀ ਲਈ ਵਾਰੰਟ ਜਾਰੀ ਕਰ ਸਕਦੀ ਹੈ।**

**ਜੇ ਤੁਹਾਨੂੰ ਗਵਾਹੀ ਦੇਣ ਬਾਰੇ ਕੋਈ ਚਿੰਤਾ ਹੈ, ਤਾਂ ਤੁਸੀਂ ਉਸ ਵਿਅਕਤੀ ਨਾਲ ਗੱਲਬਾਤ ਕਰੋ, ਜਿਸਨੇ ਤੁਹਾਨੂੰ ਗਵਾਹ ਵਜੋਂ ਚਿੱਠੀ ਭੇਜੀ ਹੈ।**

# ਅਦਾਲਤ ਲਈ ਤਿਆਰੀ ਕਰਨੀ – ਤੁਹਾਨੂੰ ਕੀ ਕਰਨਾ ਪਏਗਾ

ਬਹੁਤੇ ਕੇਸਾਂ ਵਿਚ, ਜਿਸ ਵਿਅਕਤੀ ਤੇ ਅਪਰਾਧ ਕਰਨ ਦਾ ਦੋਸ਼ ਲਾਇਆ ਗਿਆ ਹੈ, ਜੇ ਉਹ ਅਪਰਾਧੀ ਹੋਣਾ ਕਬੂਲ ਕਰ ਲੈਂਦਾ ਹੈ, ਤਾਂ ਗਵਾਹਾਂ ਦੇ ਅਦਾਲਤ ਆਕੇ ਗਵਾਹੀ ਦੇਣ ਦੀ ਕੋਈ ਜ਼ਰੂਰਤ ਨਹੀਂ ਪਏਗੀ। ਪਰ ਜੇ ਦੋਸ਼ੀ ਵਿਅਕਤੀ ਅਪਰਾਧੀ ਹੋਣਾ ਨਹੀਂ ਮੰਨਦਾ ਤਾਂ ਮੁਕੱਦਮਾ ਚਲੇਗਾ ਅਤੇ ਅਦਾਲਤ ਨੂੰ ਤੁਹਾਡੇ ਵਰਗੇ ਗਵਾਹਾਂ ਦੀ ਗਵਾਹੀ ਸੁਣਨ ਦੀ ਜ਼ਰੂਰਤ ਪਏਗੀ।

ਇਸੇ ਤਰ੍ਹਾਂ ਹੀ ਬੱਚਿਆਂ ਦੀ ਅਦਾਲਤ ਦੇ ਸੁਣਵਾਈ ਦੇ ਬਹੁਤੇ ਕੇਸਾਂ ਵਿਚ ਵੀ, ਸਾਰੀਆਂ ਧਿਰਾਂ ਤੱਥਾਂ ਬਾਰੇ ਸਹਿਮਤ ਹੋ ਜਾਂਦੀਆਂ ਹਨ, ਤਾਂ ਕੇਸ ਨਿਪਟ ਜਾਂਦਾ ਹੈ, ਪਰ ਜਿੱਥੇ ਇਸ ਤਰ੍ਹਾਂ ਨਹੀਂ ਹੁੰਦਾ, ਤਾਂ ਅਦਾਲਤ ਨੂੰ ਗਵਾਹੀਆਂ ਸੁਣਨ ਦੀ ਲੋੜ ਪਏਗੀ।

ਜੱਜ ਜਾਂ ਸ਼ੈਰਿਫ਼ ਨੂੰ ਗਵਾਹ ਚਾਹੀਦੇ ਹਨ, ਜੋ ਸਵਾਲਾਂ ਦੇ ਜਵਾਬ ਦੇਕੇ ਆਪਣੀ ਗਵਾਹੀ ਦੇਣਗੇ, ਤਾਂ ਜੋ ਅਦਾਲਤ ਜੋ ਕੁਝ ਵਾਪਰਿਆ ਹੈ, ਉਸਦਾ ਸਹੀ ਚਿੱਤਰ ਬਣਾ ਸਕੇ। ਗਵਾਹਾਂ ਬਿਨਾਂ, ਜੱਜ ਜਾਂ ਜਿਊਰੀ ਨੂੰ ਪਤਾ ਨਹੀਂ ਲਗੇਗਾ, ਕਿ ਕੀ ਹੋਇਆ ਸੀ ਅਤੇ ਉਹ ਕੇਸ ਦੇ ਅਖ਼ੀਰ ਵਿਚ ਪੂਰਾ ਫ਼ੈਸਲਾ ਨਹੀਂ ਕਰ ਸਕਣਗੇ।

**ਜੇ ਮੈਂ ਕੰਮ ਕਰਦਾ ਹਾਂ ਤਾਂ ਕੀ ਹੋਏਗਾ ?**

ਇਕ ਗਵਾਹ ਹੋਣ ਲਈ ਤੁਹਾਨੂੰ ਕੰਮ ਤੋਂ ਛੁੱਟੀ ਲੈਣੀ ਪਏਗੀ। ਤੁਹਾਨੂੰ ਆਪਣੇ ਮਾਲਕ ਨੂੰ ਪਹਿਲਾਂ ਹੀ ਦੱਸਣਾ ਪਏਗਾ ਕਿ ਤੁਹਾਨੂੰ ਇਕ ਗਵਾਹ ਦੇ ਤੌਰ ਤੇ ਚਿੱਠੀ ਭੇਜੀ ਗਈ ਹੈ। ਜੇ ਤੁਹਾਡਾ ਮਾਲਕ ਤੁਹਾਨੂੰ ਅਦਾਲਤ ਜਾਣ ਲਈ ਛੁੱਟੀ ਦੇਣ ਵਿਚ ਹਿਚਕਿਚਾ ਰਿਹਾ ਹੈ, ਤਾਂ ਤੁਹਾਨੂੰ ਉਸ ਵਿਅਕਤੀ ਨੂੰ, ਜਿਸਨੇ ਤੁਹਾਨੂੰ ਗਵਾਹ ਵਜੋਂ ਤਲਬ ਕੀਤਾ ਹੈ, ਫ਼ੌਰਨ ਦੱਸਣਾ ਚਾਹੀਦਾ ਹੈ। ਜੇ ਤੁਹਾਨੂੰ ਤਨਖ਼ਾਹ ਜਾਂ ਕਮਾਈ ਦਾ ਨੁਕਸਾਨ ਹੋ ਰਿਹਾ ਹੈ, ਤਾਂ ਤੁਸੀਂ ਇਹ ਰਕਮ ਪ੍ਰੋਕਿਉਰੇਟਰ ਫ਼ਿਸਕਲ, ਰਿਪੋਰਟਰ ਜਾਂ ਵਕੀਲ, ਜਿਸਨੇ ਵੀ

ਤੁਹਾਨੂੰ ਤਲਬ ਕੀਤਾ ਹੈ, ਕੋਲੋਂ ਵਾਪਸ ਲੈਣ ਦਾ ਦਾਅਵਾ ਕਰ ਸਕਦੇ ਹੋ, ਪਰ ਵਾਪਸ ਲਈ ਜਾਣ ਵਾਲੀ ਰਕਮ ਦੀ ਵੀ ਇਕ ਸੀਮਾ ਹੈ।

**ਜੇ ਮੈਨੂੰ ਬੱਚਿਆਂ ਦੀ ਦੇਖਭਾਲ ਦੀ ਜ਼ਰੂਰਤ ਹੋਈ ਤਾਂ ਕੀ ਹੋਏਗਾ ?**

ਬੱਚਿਆਂ ਨੂੰ ਉਦੋਂ ਤੀਕ ਅਦਾਲਤ ਵਿਚ ਜਾਣ ਦੀ ਆਗਿਆ ਨਹੀਂ ਦਿੱਤੀ ਜਾਂਦੀ, ਜਦ ਤਕ ਉਹ ਗਵਾਹ ਨਾ ਹੋਣ। ਅਦਾਲਤ ਦੀ ਇਮਾਰਤ ਵਿਚ ਬੱਚਿਆਂ ਦੀ ਦੇਖਭਾਲ ਲਈ ਕੋਈ ਸਹੂਲਤਾਂ ਨਹੀਂ ਹਨ। ਜੇ ਤੁਹਾਡੇ ਕੋਲ ਕੋਈ ਆਪਣਾ ਬੇਬੀ ਸਿੱਟਰ ਜਾਂ ਚਾਈਲਡ ਮਾਈਂਡਰ (ਬੱਚਿਆਂ ਦੀ ਦੇਖਭਾਲ ਕਰਨ ਵਾਲਾ) ਨਹੀਂ, ਤਾਂ ਤੁਸੀਂ ਆਪਣੇ ਇਲਾਕੇ ਵਿਚ ਬੱਚਿਆਂ ਦੀ ਦੇਖਭਾਲ ਕਰਨ ਵਾਲੀਆਂ ਸਭ ਰਜਿਸਟਰਡ ਸੰਸਥਾਵਾਂ ਦੀ ਸੂਚੀ ਲਈ ਆਪਣੀ ਕੌਂਸਲ ਜਾਂ ਸੋਸ਼ਿਲ ਵਰਕ ਦੇ ਸਥਾਨਕ ਡਿਪਾਰਟਮੈਂਟ ਨਾਲ ਸੰਪਰਕ ਕਰੋ। ਇਸ ਤੇ ਖ਼ਰਚ ਕੀਤੀ ਰਕਮ ਦਾ ਕੁਝ ਹਿੱਸਾ ਤੁਸੀਂ ਉਸ ਵਿਅਕਤੀ ਕੋਲੋਂ ਲੈਣ ਦਾ ਦਾਅਵਾ ਕਰ ਸਕਦੇ ਹੋ, ਜਿਸਨੇ ਤੁਹਾਨੂੰ ਗਵਾਹ ਵਜੋਂ ਤਲਬ ਕੀਤਾ ਹੈ।

**ਮੈਂ ਕਿਹੜਾ ਲਿਬਾਸ ਪਾਵਾਂ ?**

ਗਵਾਹ ਲਈ ਕੋਈ ਵਿਸ਼ੇਸ਼ ਵਰਦੀ ਜਾਂ ਕਪੜਿਆਂ ਦਾ ਕੋਈ ਵਿਸ਼ੇਸ਼ ਸਟਾਈਲ ਨਹੀਂ। ਜਿਨ੍ਹਾਂ ਕਪੜਿਆਂ ਵਿਚ ਤੁਸੀਂ ਆਰਾਮ ਮਹਿਸੂਸ ਕਰੋ, ਉਹੀ ਪਾਉ।

# ਅਦਾਲਤ ਦੇ ਮੁਕੱਦਮੇ ਦਾ ਦਿਨ

ਜਦੋਂ ਤੁਸੀਂ ਅਦਾਲਤ ਆਉ, ਤਾਂ ਤੁਹਾਨੂੰ ਆਪਣੇ ਨਾਲ ਉਹ ਸਾਈਟੇਸ਼ਨ ਲਿਆਉਣੀ ਚਾਹੀਦੀ ਹੈ, ਅਤੇ ਰਿਸੈਪਸ਼ਨ (ਸੁਆਗਤੀ ਕਮਰਾ) ਤੇ ਬੈਠੇ ਵਿਅਕਤੀ ਨੂੰ ਵਿਖਾਉਣੀ ਚਾਹੀਦੀ ਹੈ। ਤੁਹਾਨੂੰ ਗਵਾਹਾਂ ਦੀ ਉਡੀਕ ਲਈ ਬਣੇ ਮੁੱਖ ਕਮਰੇ ਵਿਚ ਬੈਠਣ ਲਈ ਕਿਹਾ ਜਾਏਗਾ, ਸ਼ਾਇਦ ਹੋਰ ਗਵਾਹਾਂ ਦੇ ਨਾਲ। ਅਦਾਲਤ ਦਾ ਅਧਿਕਾਰੀ ਆਏਗਾ ਅਤੇ ਜਦੋਂ ਤੁਹਾਡੀ ਗਵਾਹੀ ਦੇਣ ਦੀ ਵਾਰੀ ਆਏਗੀ, ਉਹ ਤੁਹਾਨੂੰ ਦੱਸੇਗਾ।

ਬਹੁਤੇ ਗਵਾਹ ਅਦਾਲਤ ਦੀ ਇਮਾਰਤ ਵਿਚ ਜਨਤਾ ਲਈ ਬਣੇ ਮੁੱਖ ਦਰਵਾਜੇ ਚੋਂ ਅੰਦਰ ਆਉਂਦੇ ਹਨ। ਜੇ ਤੁਹਾਨੂੰ ਅਦਾਲਤ ਦੀ ਇਮਾਰਤ ਦੇ ਅੰਦਰ ਆਉਣ ਬਾਰੇ ਜਾਂ ਕੇਸ ਵਿਚ ਸ਼ਾਮਲ ਹੋਰ ਲੋਕਾਂ ਨਾਲ ਉਡੀਕ ਦੇ ਉਸੇ ਕਮਰੇ ਵਿਚ ਬੈਠਣ ਬਾਰੇ ਵਿਸ਼ੇਸ਼ ਚਿੰਤਾ ਹੈ, ਤਾਂ ਕਈ ਅਦਾਲਤਾਂ ਵਿਚ ਵਿਟਨੈਸ ਸਰਵਿਸ (Witness Service), VIA ਜਾਂ ਚਿਲਡਰਨਸ ਰਿਪੋਰਟਰ ਦੇ ਦਫ਼ਤਰ ਜਾਂ ਅਦਾਲਤ ਦੇ ਅਧਿਕਾਰੀ ਲਈ ਇਹ ਸੰਭਵ ਹੋ ਸਕਦਾ ਹੈ ਕਿ ਉਹ ਤੁਹਾਨੂੰ ਇਕ ਪ੍ਰਾਈਵੇਟ ਪ੍ਰਵੇਸ਼-ਦੁਆਰ ਤੇ ਮਿਲ ਜਾਣ ਅਤੇ ਕਿਸੇ ਹੋਰ ਕਮਰੇ ਵਿਚ ਤੁਹਾਨੂੰ ਉਡੀਕਣ ਦੇਣ।

ਕਿਰਪਾ ਕਰਕੇ, ਉਸ ਵਿਅਕਤੀ, ਜਿਸਨੇ ਤੁਹਾਨੂੰ ਗਵਾਹ ਵਜੋਂ ਤਲਬ ਕੀਤਾ ਹੈ, ਨੂੰ ਇਸ ਬਾਰੇ ਕਹੋ। ਇਹ ਇੰਤਜ਼ਾਮ ਪਹਿਲਾਂ ਹੀ ਕੀਤਾ ਜਾ ਸਕਦੇ ਹਨ ਅਤੇ ਹਰ ਕੋਈ ਵਧ ਤੋਂ ਵਧ ਸਹਾਇਤਾ ਕਰਨੀ ਚਾਹੇਗਾ – ਪਰ ਇਹ ਗਾਰੰਟੀ ਦੇਣਾ ਸੰਭਵ ਨਹੀਂ, ਕਿ ਤੁਸੀਂ ਕੇਸ ਵਿਚ ਸ਼ਾਮਲ ਹੋਰ ਲੋਕਾਂ ਨੂੰ ਸੁਣਵਾਈ ਜਾਂ ਮੁਕਦਮੇ ਦੌਰਾਨ ਨਹੀਂ ਵੇਖੋਗੇ ਜਾਂ ਨਹੀਂ ਮਿਲੋਗੇ।

# ਉਡੀਕਣਾ

ਬੱਚਿਆਂ ਦੀ ਅਦਾਲਤ ਵਿਚ ਸੁਣਵਾਈ ਦੇ ਸਾਰੇ ਕੇਸਾਂ ਲਈ ਸਮੇਂ ਦਾ ਵਿਸ਼ੇਸ਼ ਸਕੇਲ ਹੈ, ਜਿਸਨੂੰ ਇਹ ਯਕੀਨੀ ਬਣਾਉਣ ਲਈ ਲਾਗੂ ਕੀਤਾ ਜਾਂਦਾ ਹੈ ਕਿ ਕੇਸ ਦੀ ਸੁਣਵਾਈ ਜਿੰਨੀ ਜਲਦੀ ਹੋਣੀ ਸੰਭਵ ਹੈ ਹੋ ਜਾਏ।

ਫ਼ੌਜਦਾਰੀ ਦੇ ਸਾਰੇ ਮੁਕੱਦਮੇ ਜਿੰਨੀ ਜਲਦੀ ਸੰਭਵ ਹੁੰਦਾ ਹੈ, ਨਿਬੇੜੇ ਜਾਂਦੇ ਹਨ, ਪਰ ਫ਼ੌਜਦਾਰੀ ਦੇ ਕਈ ਮੁਕੱਦਮਿਆਂ ਨੂੰ ਅਦਾਲਤ ਤਕ ਪਹੁੰਚਣ ਵਿਚ ਬਹੁਤ ਸਮਾਂ ਲਗ ਜਾਂਦਾ ਹੈ। ਭਾਵੇਂ ਤਾਰੀਖ਼ ਮਿਲ ਵੀ ਜਾਏ, ਤਾਂ ਵੀ ਕਈ ਤਰ੍ਹਾਂ ਦੇ ਕਾਰਣਾਂ ਕਰਕੇ ਸੁਣਵਾਈ ਅੱਗੇ ਪੈ ਸਕਦੀ ਹੈ। ਹੋ ਸਕਦਾ ਹੈ, ਇਸ ਤਰ੍ਹਾਂ ਸੁਣਵਾਈ ਨੂੰ ਅੱਗੇ ਪਾਣਾ ਟਾਲਿਆ ਨਾ ਜਾ ਸਕਦਾ ਹੋਵੇ, ਅਤੇ ਕੁਝ ਤਰ੍ਹਾਂ ਦੀ ਢਿਲ ਮੱਠ ਪੈਣ ਬਾਰੇ ਪਹਿਲਾ ਨਹੀਂ ਦੱਸਿਆ ਜਾ ਸਕਦਾ। ਗਵਾਹ ਅਤੇ ਪਰਿਵਾਰ ਕਈ ਵਾਰ ਇਨ੍ਹਾਂ ਰੁਕਾਵਟਾਂ ਕਾਰਣ ਬੜੇ ਨਿਰਾਸ਼ ਮਹਿਸੂਸ ਕਰਦੇ ਹਨ।

ਕਈ ਵਾਰ ਉਸ ਦਿਨ ਕੋਈ ਸਮੱਸਿਆ ਹੋ ਸਕਦੀ ਹੈ, ਜਿਵੇਂ ਕਿਸੇ ਦਾ ਬੀਮਾਰ ਹੋ ਜਾਣਾ।

ਅਜਿਹੀ ਹਾਲਤ ਵਿਚ ਤੁਹਾਨੂੰ ਮੁੜ ਕਿਸੇ ਹੋਰ ਦਿਨ ਆਉਣ ਲਈ ਕਿਹਾ ਜਾਏਗਾ। ਅਦਾਲਤ ਉਡੀਕ ਦਾ ਸਮਾਂ ਜਿੰਨਾ ਘਟ ਕਰ ਸਕਦੀ ਹੈ, ਕਰਨ ਦੀ ਕੋਸ਼ਿਸ਼ ਕਰੇਗੀ।

ਜੇ ਤੁਹਾਨੂੰ ਹੋ ਰਹੀ ਦੇਰ ਦੀ ਚਿੰਤਾ ਹੈ, ਤਾਂ ਤੁਸੀਂ ਪ੍ਰੋਕਿਉਰੇਟਰ ਫ਼ਿਸਕਲ, ਚਿਲਡਰਨਸ ਰਿਪੋਰਟਰ ਜਾਂ ਵਕੀਲ, ਇਹ ਇਸ ਤੇ ਨਿਰਭਰ ਕਰੇਗਾ ਕਿ ਤੁਹਾਨੂੰ ਗਵਾਹ ਦੇ ਤੌਰ ਤੇ ਹਾਜ਼ਰ ਹੋਣ ਲਈ ਕਿਸਨੇ ਤਲਬ ਕੀਤਾ ਹੈ, ਨਾਲ ਗੱਲ ਕਰੋ।

ਕੇਸ ਸ਼ੁਰੂ ਹੋਣ ਬਾਅਦ ਵੀ, ਦੇਰ ਹੋ ਸਕਦੀ ਹੈ, ਅਤੇ ਕਈ ਗਵਾਹਾਂ ਨੂੰ ਆਪਣੀ ਗਵਾਹੀ ਦੇਣ ਦੀ ਵਾਰੀ ਆਉਣ ਲਈ ਕਾਫ਼ੀ ਲੰਮਾਂ ਸਮਾਂ ਉਡੀਕਣਾ ਪੈਂਦਾ ਹੈ। ਇਹ ਹੋ ਸਕਦਾ ਹੈ ਕਿ ਤੁਹਾਡੇ ਤੋਂ ਪਹਿਲਾਂ ਗਵਾਹੀ ਦੇਣ ਵਾਲਾ ਗਵਾਹ ਆਸ ਤੋਂ ਵਧ ਸਮਾਂ ਲਾ ਰਿਹਾ ਹੋਵੇ।

ਆਪਣੇ ਨਾਲ ਸਮਾਂ ਬਿਤਾਉਣ ਲਈ ਕੋਈ ਕਿਤਾਬ ਜਾਂ ਮੈਗਜ਼ੀਨ ਲਿਆਉਣ ਦਾ ਵਿਚਾਰ ਵੀ ਠੀਕ ਹੈ। ਕਈ ਅਦਾਲਤਾਂ ਵਿਚ ਕੈਫ਼ੇ ਜਾਂ ਕੈਨਟੀਨ ਹੁੰਦੀ ਹੈ ਅਤੇ ਬਹੁਤੀਆਂ ਵਿਚ ਸਨੈਕਸ ਅਤੇ ਸਾਫ਼ਟ ਡਰਿੰਕਸ ਲਈ ਵੈਂਡਿੰਗ ਮਸ਼ੀਨ ਹੁੰਦੀ ਹੈ। ਪਰ ਤੁਹਾਨੂੰ ਇਸ ਬਾਰੇ ਪਹਿਲਾਂ ਪਤਾ ਕਰ ਲੈਣਾ ਚਾਹੀਦਾ ਹੈ, ਨਹੀਂ ਤਾਂ ਤੁਸੀਂ ਆਪਣੇ ਨਾਲ ਕੋਈ ਸਨੈਕਸ ਲਿਆਉਣ ਬਾਰੇ ਸੋਚ ਸਕਦੇ ਹੋ।

**ਜਦੋਂ ਅਦਾਲਤ ਦਾ ਕੇਸ ਸ਼ੁਰੂ ਹੁੰਦਾ ਹੈ, ਅਤੇ ਤੁਸੀਂ ਗਵਾਹੀ ਦੇਣ ਦੀ ਉਡੀਕ ਕਰ ਰਹੇ ਹੋ, ਤੁਹਾਨੂੰ ਕੇਸ ਵਿਚ ਸ਼ਾਮਲ ਹੋਰ ਗਵਾਹਾਂ ਨਾਲ ਆਪਣੀ ਗਵਾਹੀ ਬਾਰੇ ਗੱਲ ਨਹੀਂ ਕਰਨੀ ਚਾਹੀਦੀ।**

**ਜਦੋਂ ਤੁਸੀਂ ਆਪਣੀ ਗਵਾਹੀ ਦੇਣੀ ਖ਼ਤਮ ਕਰ ਚੁਕੇ ਹੋ, ਤੁਸੀਂ ਗਵਾਹਾਂ ਦੇ ਉਡੀਕਣ ਦੇ ਕਮਰੇ ਵਿਚ ਵਾਪਸ ਨਹੀਂ ਜਾ ਸਕਦੇ।**

# ਪਛਾਣ ਕਰਨੀ

ਤੁਸੀਂ ਅਦਾਲਤ ਆਉਣ ਤੋਂ ਪਹਿਲਾਂ ਹੀ ਕੇਸ ਵਿਚ ਸ਼ਾਮਲ ਕਿਸੇ ਵਿਅਕਤੀ ਦੀ ਪਛਾਣ ਕਰ ਚੁਕੇ ਹੋਵੋਗੇ, ਉਦਾਹਰਣ ਦੇ ਤੌਰ ਤੇ ਪਛਾਣ ਲਈ ਕੀਤੀ ਕਿਸੇ ਪਰੇਡ ਤੇ। ਜੇ ਤੁਸੀਂ ਇਹ ਪਛਾਣ ਕਰ ਚੁਕੇ ਹੋ, ਤਾਂ ਤੁਸੀਂ ਜਦੋਂ ਅਦਾਲਤ ਗਵਾਹੀ ਦੇਣ ਲਈ ਜਾਉਗੇ, ਇਸ ਨੂੰ ਮੁੜ ਕਰਨ ਦੀ ਜ਼ਰੂਰਤ ਨਹੀਂ।

ਪਰ ਕਈ ਕੇਸਾਂ ਵਿਚ, ਤੁਹਾਨੂੰ ਉਸ ਵਿਅਕਤੀ ਦੀ ਪਛਾਣ ਕਰਨੀ ਪੈ ਸਕਦੀ ਹੈ, ਜਿਸ ਬਾਰੇ ਤੁਹਾਨੂੰ ਸਵਾਲ ਪੁੱਛੇ ਜਾ ਰਹੇ ਹੁੰਦੇ ਹਨ। ਜਦੋਂ ਤੁਸੀਂ ਗਵਾਹੀ ਦੇ ਰਹੇ ਹੁੰਦੇ ਹੋ, ਤੁਹਾਨੂੰ ਸਵਾਲ ਪੁੱਛੇ ਜਾ ਰਹੇ ਹੁੰਦੇ ਹਨ। ਜਦੋਂ ਤੁਸੀਂ ਗਵਾਹੀ ਦੇ ਰਹੇ ਹੁੰਦੇ ਹੋ, ਤੁਹਾਨੂੰ ਕਮਰੇ ਵਿਚ ਵੇਖ ਕੇ ਉਹ ਵਿਅਕਤੀ ਨਜ਼ਰ ਆਉਂਦੇ ਹਨ, ਤਾਂ ਉਨ੍ਹਾਂ ਵਲ ਇਸ਼ਾਰਾ ਕਰਨ ਲਈ ਕਿਹਾ ਜਾਏਗਾ।

ਜੇ ਤੁਹਾਨੂੰ ਇਸ ਬਾਰੇ ਚਿੰਤਾ ਹੈ, ਤਾਂ ਜਿਸ ਵਿਅਕਤੀ ਨੇ ਤੁਹਾਨੂੰ ਗਵਾਹ ਵਜੋਂ ਤਲਬ ਕੀਤਾ ਹੈ, ਉਸ ਨਾਲ ਗੱਲ ਕਰੋ। ਜੇ ਉਹ ਕੁਝ ਹੋਰ ਕਰ ਸਕਦੇ ਹਨ, ਤਾਂ ਉਹ ਤੁਹਾਨੂੰ ਸਲਾਹ ਦੇ ਸਕਦੇ ਹਨ।

# ਆਪਣੀ ਗਵਾਹੀ ਦੇਣਾ

ਇਕ ਇਕ ਕਰਕੇ ਗਵਾਹ ਅਦਾਲਤ ਨੂੰ ਇਹ ਗਵਾਹੀ ਦੇਣਗੇ ਕਿ ਕੀ ਹੋਇਆ ਹੋਵੇਗਾ ਜਾਂ ਜੋ ਕੁਝ ਉਨ੍ਹਾਂ ਨੂੰ ਪਤਾ ਹੋਵੇਗਾ, ਉਹ ਦੱਸਣਗੇ।

ਤੁਹਾਨੂੰ ਆਪਣੀ ਗਵਾਹੀ ਦੇਣ ਵਿਚ ਸਹਾਇਤਾ ਕਰਨ ਲਈ, ਤੁਹਾਡੇ ਕੋਲੋਂ ਸਵਾਲ ਪੁੱਛੇ ਜਾਣਗੇ, ਜੋ ਆਮ ਤੌਰ ਤੇ ਪ੍ਰੋਕਿਉਰੇਟਰ ਫ਼ਿਸਕਲ, ਵਕੀਲ ਜਾਂ ਚਿਲਡਰਨਸ ਰਿਪੋਰਟਰ ਪੁੱਛਣਗੇ। ਜੱਜ ਜਾਂ ਸ਼ੈਰਿਫ਼ ਵੀ ਤੁਹਾਨੂੰ ਕੁਝ ਸਵਾਲ ਪੁੱਛ ਸਕਦੇ ਹਨ। ਉਹ ਤੁਹਾਨੂੰ ਉਸ ਗੱਲ ਜਾਂ ਘਟਨਾ ਬਾਰੇ ਸਵਾਲ ਪੁੱਛ ਸਕਦੇ ਹਨ, ਜੋ ਤੁਹਾਡੇ ਜਾਂ ਕਿਸੇ ਹੋਰ ਨਾਲ ਹੋਈ ਹੈ। ਜਾਂ ਉਹ ਜੋ ਕੁਝ ਤੁਸੀਂ ਵੇਖਿਆ ਜਾਂ ਸੁਣਿਆ ਹੈ, ਬਾਰੇ ਵੀ ਸਵਾਲ ਪੁੱਛ ਸਕਦੇ ਹਨ।

**ਇਹ ਜਾਣਕਾਰੀ ਹੋਣੀ ਬਹੁਤ ਅਹਿਮ ਹੈ ਕਿ ਕਾਨੂੰਨ ਕਿਸੇ ਦੋਸ਼ੀ ਵਿਅਕਤੀ ਨੂੰ ਗਵਾਹ ਕੋਲੋਂ ਕੋਈ ਸਵਾਲ ਪੁੱਛਣ ਦੀ ਆਗਿਆ ਨਹੀਂ ਦੇਂਦਾ ਜੇ :**

- **ਦੋਸ਼ੀ ਤੇ ਲਿੰਗਕ ਅਪਰਾਧ ਵਿਚ ਸ਼ਮੂਲੀਅਤ ਦਾ ਦੋਸ਼ ਲਗਾ ਹੋਵੇ; ਜਾਂ**
- **ਜੇ ਅਦਾਲਤ ਕੁਝ ਹੋਰ ਕੇਸਾਂ ਵਿਚ ਇਹ ਫ਼ੈਸਲਾ ਕਰਦੀ ਹੈ ਕਿ ਇਹ ਇਕ ਖ਼ਾਸ ਅਸੁਰੱਖਿਅਤ ਮਹਿਸੂਸ ਕਰਨ ਵਾਲੇ ਗਵਾਹ ਦੇ ਹਿੱਤ ਵਿਚ ਹੈ।**

ਆਪਣੀ ਗਵਾਹੀ ਦੇਣ ਤੋਂ ਪਹਿਲਾਂ, ਤੁਹਾਨੂੰ ਜਾਂ ਤੇ ਕੋਈ ਧਾਰਮਕ ਸਹੁੰ ਚੁਕਣ ਲਈ ਕਿਹਾ ਜਾਏਗਾ ਜਾਂ ਇਸ ਨਾਲ ਸਹਿਮਤ ਹੋਣਾ ਪਏਗਾ ਕਿ ਤੁਸੀਂ ਸੱਚ ਦੱਸਣ ਦਾ ਵਾਅਦਾ ਕਰ ਰਹੇ ਹੋ। ਜੇ ਤੁਸੀਂ ਸਹੁੰ ਚੁਕਣ ਦੀ ਚੋਣ ਕੀਤੀ ਹੈ, ਤਾਂ ਅਦਾਲਤ ਤੁਹਾਡੇ ਧਾਰਮਕ ਵਿਸ਼ਵਾਸ਼ਾਂ ਦਾ ਖ਼ਿਆਲ ਰਖੇਗੀ।

# ਅਦਾਲਤ ਜਾਣਾ

ਤੁਸੀਂ ਆਪਣੀ ਗਵਾਹੀ ਦੇਣ ਤੇ ਕਿੰਨਾ ਸਮਾਂ ਲਾਉਗੇ, ਇਹ ਇਸ ਗੱਲ ਤੇ ਨਿਰਭਰ ਕਰਦਾ ਹੈ, ਕਿ ਤੁਸੀਂ ਅਦਾਲਤ ਨੂੰ ਕਿੰਨੀ ਜਾਣਕਾਰੀ ਦੇਣੀ ਹੈ ਅਤੇ ਤੁਹਾਨੂੰ ਕਿੰਨੇ ਸਵਾਲ ਪੁੱਛੇ ਜਾਣਗੇ।

**ਪੁੱਛਗਿੱਛ ਅਤੇ ਜਿਰ੍ਹਾ ਕਰਨੀ**

ਪ੍ਰੋਕਿਉਰੇਟਰ ਫ਼ਿਸਕਲ ਜਾਂ ਚਿਲਡਰਨਸ ਰਿਪੋਰਟਰ ਅਤੇ ਹਰ ਇਕ ਵਕੀਲ ਨੂੰ ਤੁਹਾਡੇ ਕੋਲੋਂ ਸਵਾਲ ਪੁੱਛਣ ਦਾ ਮੌਕਾ ਦਿੱਤਾ ਜਾਏਗਾ, ਜਿਸ ਨਾਲ ਜੋ ਕੁਝ ਤੁਸੀਂ ਜਾਣਦੇ ਹੋ, ਅਦਾਲਤ ਨੂੰ ਦੱਸਣ ਵਿਚ ਸਹਾਇਤਾ ਮਿਲੇਗੀ ਅਤੇ ਤੁਸੀਂ ਆਪਣੇ ਜਵਾਬਾਂ ਦਾ ਸਪਸ਼ਟੀਕਰਣ ਕਰ ਸਕੋਗੇ।
ਇਸ ਨੂੰ ਪੁੱਛਗਿੱਛ ਅਤੇ ਜਿਰ੍ਹਾ ਕਰਨੀ ਕਿਹਾ ਜਾਂਦਾ ਹੈ।

ਤੁਹਾਨੂੰ ਧਿਆਨ ਨਾਲ ਸੁਣਨਾ ਚਾਹੀਦਾ ਹੈ ਅਤੇ ਜਿੰਨਾ ਸਹੀ ਜਵਾਬ ਦੇ ਸਕਦੇ ਹੋ, ਉਹੀ ਦੇਣ ਦੀ ਕੋਸ਼ਿਸ਼ ਕਰੋ।

**ਇਕ ਗਵਾਹ ਵਜੋਂ, ਤੁਹਾਨੂੰ ਸਵਾਲਾਂ ਦਾ ਜਵਾਬ ਸਚ ਸਚ ਦੇਣਾ ਚਾਹੀਦਾ ਹੈ ਅਤੇ ਜੋ ਤੁਸੀਂ ਜਾਣਦੇ ਹੋ, ਅਦਾਲਤ ਨੂੰ ਦੱਸਣਾ ਚਾਹੀਦਾ ਹੈ।**

ਕਈ ਵਾਰ ਕਿਸੇ ਸਵਾਲ ਦਾ ਜਵਾਬ ਦੇਣਾ ਮੁਸ਼ਕਲ ਲਗ ਸਕਦਾ ਹੈ। ਪਰ ਤੁਹਾਨੂੰ ਇਹ ਯਾਦ ਰਖਣਾ ਚਾਹੀਦਾ ਹੈ ਕਿ ਅਦਾਲਤ ਨੂੰ ਕਈ ਤਰ੍ਹਾਂ ਦੇ ਗਵਾਹਾਂ ਕੋਲੋਂ ਗਵਾਹੀ ਲੈਣ ਦਾ ਅਨੁਭਵ ਹੈ ਅਤੇ ਉਹ ਸਮਝ ਲਏਗੀ ਕਿ ਕੁਝ ਸਵਾਲ ਔਖੇ ਹੋ ਸਕਦੇ ਹਨ। ਤੁਸੀਂ ਪੂਰਾ ਸਮਾਂ ਲੈਕੇ, ਸਚ ਦੱਸਣਾ ਜਾਰੀ ਰਖੋ।

ਇਹ ਬਹੁਤ ਹੀ ਅਹਿਮ ਹੈ ਕਿ ਗਵਾਹੀ ਦੇਣ ਦੌਰਾਨ, ਗਵਾਹ ਸਾਰਾ ਸਮਾਂ ਸੱਚੀ ਗੱਲ ਦੱਸਣ।

# ਅਦਾਲਤ ਜਾਣਾ

ਜਿਹੜੇ ਗਵਾਹ ਜਾਣਬੁਝ ਕੇ ਸੱਚ ਨਹੀਂ ਦੱਸਦੇ, ਉਨ੍ਹਾਂ ਤੇ ਮੁਜਰਮਾਨਾ ਦੋਸ਼ ਲਗ ਸਕਦੇ ਹਨ।

ਜੇ ਤੁਹਾਨੂੰ ਚਿੰਤਾ ਹੈ, ਕਿ ਜੇ ਤੁਸੀਂ ਕਿਸੇ ਬਾਰੇ ਸੱਚ ਦੱਸਦੇ ਹੋ, ਤਾਂ ਤੁਹਾਨੂੰ ਘਬਰਾਹਟ ਮਹਿਸੂਸ ਹੁੰਦੀ ਹੈ ਅਤੇ ਤੁਹਾਨੂੰ ਆਪਣੀ ਗਵਾਹੀ ਦੇਣ ਵੇਲੇ ਕਿਸੇ ਕਾਰਨ ਕਰਕੇ ਚਿੰਤਾ ਹੈ, ਤਾਂ ਕਿਰਪਾ ਕਰਕੇ, ਉਸ ਵਿਅਕਤੀ ਨਾਲ ਗੱਲ ਕਰੋ, ਜਿਸਨੇ ਤੁਹਾਨੂੰ ਗਵਾਹ ਵਜੋਂ ਤਲਬ ਕੀਤਾ ਹੈ।

ਗਵਾਹਾਂ ਕੋਲੋਂ ਆਮ ਤੌਰ ਤੇ ਇਹ ਆਸ ਰੱਖੀ ਜਾਂਦੀ ਹੈ ਕਿ ਉਹ ਖੜ੍ਹੇ ਹੋਕੇ ਗਵਾਹੀ ਦੇਣਗੇ, ਪਰ ਜੇ ਤੁਸੀਂ ਉਮਰ ਕਾਰਣ ਜਾਂ ਸਿਹਤ ਕਾਰਣ ਬਹੁਤੀ ਦੇਰ ਖਲੋ ਨਹੀਂ ਸਕਦੇ ਤਾਂ ਤੁਸੀਂ ਉਨ੍ਹਾਂ ਨੂੰ ਪੁੱਛ ਕੇ ਬੈਠ ਸਕਦੇ ਹੋ। ਜੇ ਤੁਸੀਂ ਬਹੁਤ ਹੀ ਬੇਆਰਾਮੀ ਮਹਿਸੂਸ ਕਰ ਰਹੇਹੋ, ਤਾਂ ਤੁਸੀਂ ਜੱਜ ਜਾਂ ਸ਼ੈਰਿਫ਼ ਨੂੰ ਸਾਰੀ ਕਾਰਵਾਈ ਦੌਰਾਨ ਕਿਸੇ ਵੇਲੇ ਵੀ ਬੈਠਣ ਲਈ ਬੇਨਤੀ ਵੀ ਕਰ ਸਕਦੇ ਹੋ।

ਆਪਣਾ ਬਿਆਨ ਦੇਣ ਵੇਲੇ ਤੁਸੀਂ ਸਾਫ਼ ਸਾਫ਼ ਬੋਲ ਕੇ ਆਪਣੀ ਗੱਲ ਕਹਿਣ ਦੀ ਕੋਸ਼ਿਸ਼ ਕਰੋ, ਤਾਂ ਜੋ ਜੱਜ ਜਾਂ ਸ਼ੈਰਿਫ਼ ਅਤੇ ਵਕੀਲ ਤੁਹਾਡੀ ਗੱਲ ਸਹੀ ਸੁਣ ਸਕਣ ਅਤੇ ਤੁਹਾਨੂੰ ਕੁਝ ਦੁਹਰਾਉਣ ਲਈ ਨਾ ਕਹਿਣ।

ਕਈ ਕੇਸਾਂ ਵਿਚ, ਜੋ ਕੁਝ ਵੀ ਅਦਾਲਤ ਵਿਚ ਹੁੰਦਾ ਹੈ, ਇਕ ਟੇਪ ਤੇ ਰਿਕਾਰਡ ਕਰ ਲਿਆ ਜਾਂਦਾ ਹੈ। ਸਾਫ਼ ਸਾਫ਼ ਬੋਲਣ ਦਾ ਇਹ ਵੀ ਇਕ ਕਾਰਨ ਹੈ। ਇਸਦਾ ਇਹ ਵੀ ਮਤਲਬ ਹੈ ਕਿ ਤੁਸੀਂ ਸਿਰਫ਼ ਸਹਿਮਤ ਹੋਣ ਦਾ ਇਸ਼ਾਰਾ ਹੀ ਨਹੀਂ ਕਰੋਗੇ, ਸਿਰਫ਼ ਸਿਰ ਹੀ ਨਹੀਂ ਹਿਲਾਉਗੇ।

ਆਮ ਤੌਰ ਤੇ ਤੁਹਾਨੂੰ ਆਪਣੇ ਨਾਂਅ ਦੀ ਪੁਸ਼ਟੀ ਕਰਨ ਲਈ ਕਿਹਾ ਜਾਏਗਾ, ਪਰ ਸ਼ਾਇਦ ਤੁਹਾਨੂੰ ਆਪਣਾ ਮੌਜੂਦਾ ਪਤਾ ਉਦੋਂ ਤੀਕ ਦੱਸਣ ਲਈ ਨਹੀਂ ਕਿਹਾ ਜਾਏਗਾ, ਜਦ ਤਕ ਇਹ ਸਬੂਤ ਦਾ ਇਕ ਜ਼ਰੂਰੀ ਹਿੱਸਾ ਨਾ ਹੋਏਗਾ, ਜਿਵੇਂ ਕਿ ਇਹ ਉਹ ਜਗ੍ਹਾ ਹੋਵੇ, ਜਿੱਥੇ ਕਥਿਤ ਅਪਰਾਧ ਕੀਤਾ ਗਿਆ ਹੋਵੇ। ਜੇ ਤੁਸੀਂ ਇਸ ਸੰਭਾਵਨਾ ਕਿ ਤੁਹਾਡਾ ਪਤਾ ਅਦਾਲਤ ਵਿਚ ਪੜ੍ਹਿਆ ਜਾਏਗਾ, ਬਾਰੇ ਚਿੰਤਿਤ ਹੋ, ਤਾਂ ਉਸ ਵਿਅਕਤੀ ਨਾਲ ਗੱਲਬਾਤ ਕਰੋ, ਜਿਸਨੇ ਤੁਹਾਨੂੰ ਗਵਾਬ ਵਜੋਂ ਤਲਬ ਕੀਤਾ ਹੈ।

ਜੇ ਤੁਹਾਨੂੰ ਕਿਸੇ ਸਵਾਲ ਦੀ ਸਮਝ ਨਹੀਂ ਆਉਂਦੀ ਤਾਂ ਇਹ ਕਹਿਣਾ ਠੀਕ ਹੋਏਗਾ ਕਿ ਤੁਹਾਨੂੰ ਸਮਝ ਨਹੀਂ ਆ ਰਹੀ। ਸਿਰਫ਼ ਅੰਦਾਜ਼ਾ ਹੀ ਨਾ ਲਾਉ। ਉਸ ਵਿਅਕਤੀ ਨੂੰ ਸਵਾਲ ਨੂੰ ਖੋਲ੍ਹ ਕੇ ਦੱਸਣ ਲਈ ਜਾਂ ਹੋਰ ਤਰ੍ਹਾਂ ਦੱਸਣ ਲਈ ਕਹੋ ਤਾਂ ਜੋ ਤੁਸੀਂ ਉਸਨੂੰ ਚੰਗੀ ਤਰ੍ਹਾਂ ਸਮਝ ਸਕੋ। ਇਸੇ ਤਰ੍ਹਾਂ, ਜੇ ਅਦਾਲਤ ਵਿਚ ਕਿਸੇ ਨੂੰ ਤੁਹਾਡੀ ਗੱਲ ਸਮਝ ਨਹੀਂ ਆਉਂਦੀ ਤਾਂ ਤੁਸੀਂ ਉਨ੍ਹਾਂ ਨੂੰ ਸਮਝਾ ਦਿਉ।

# ਗਵਾਹ ਵਜੋਂ

# ਅਦਾਲਤ ਜਾਣਾ

ਜੇ ਤੁਸੀਂ ਕਿਸੇ ਸਵਾਲ ਦਾ ਜਵਾਬ ਨਹੀਂ ਦੇ ਸਕਦੇ, ਕਿਉਂਕਿ ਤੁਹਾਨੂੰ ਕੋਈ ਗੱਲ ਯਾਦ ਨਹੀਂ ਆ ਰਹੀ, ਕਿਰਪਾ ਕਰਕੇ ਦੱਸ ਦਿਉ।

**ਸਭ ਅਦਾਲਤਾਂ ਵਿਚ, ਜੱਜ ਜਾਂ ਸ਼ੈਰਿਫ਼ ਦਾ ਇਹ ਫ਼ਰਜ਼ ਹੈ ਕਿ ਉਹ ਗਵਾਹਾਂ ਦੇ ਹਿੱਤਾਂ ਦੀ ਰੱਖਿਆ ਕਰਨ।**

**ਜੇ ਤੁਹਾਨੂੰ ਸਵਾਲ ਪੁੱਛੇ ਜਾਣ ਦੇ ਤਰੀਕੇ ਜਾਂ ਲਹਿਜੇ ਬਾਰੇ ਜਾਂ ਆਪਣੇ ਆਰਾਮ ਬਾਰੇ ਕੋਈ ਚਿੰਤਾ ਹੈ, ਤਾਂ ਤੁਹਾਨੂੰ ਜੱਜ ਜਾਂ ਸ਼ੈਰਿਫ਼ ਨੂੰ ਇਹ ਗੱਲ ਦੱਸਣ ਲਈ ਉਤਸਾਹਤ ਕੀਤਾ ਜਾਂਦਾ ਹੈ।**

**ਇਹ ਕਾਰਵਾਈ ਕਿਵੇਂ ਕੀਤੀ ਜਾਂਦੀ ਹੈ, ਤੁਸੀਂ ਇਸ ਬਾਰੇ ਉਸ ਵਿਅਕਤੀ ਨਾਲ ਜਿਸਨੇ ਤੁਹਾਨੂੰ ਗਵਾਹ ਵਜੋਂ ਤਲਬ ਕੀਤਾ ਹੈ, ਵਿਚਾਰ ਵਟਾਂਦਰਾ ਕਰਨਾ ਚਾਹੋਗੇ।**

**ਯਾਦ ਰਖੋ ਕਿ ਤੁਸੀਂ ਜੋ ਕੁਝ ਅਦਾਲਤ ਨੂੰ ਦੱਸੋਗੇ, ਉਹ ਤੁਹਾਡੀ ਆਪਣੀ ਗਵਾਹੀ ਹੋਏਗੀ। ਅਦਾਲਤ ਨੂੰ ਇਹ ਬਿਆਨ ਤੁਹਾਡੇ ਕੋਲੋਂ ਤੁਹਾਡੇ ਸ਼ਬਦਾਂ ਵਿਚ ਸੁਣਨ ਦੀ ਜ਼ਰੂਰਤ ਹੈ। ਤੁਸੀਂ ਕੀ ਕਹਿਣਾ ਹੈ, ਇਹ ਤੁਹਾਨੂੰ ਹੋਰ ਕੋਈ ਨਹੀਂ ਦੱਸੇਗਾ। ਆਪਣੀ ਗਵਾਹੀ ਦੇਂਦਿਆਂ ਤੁਹਾਨੂੰ ਹਰ ਸਮੇਂ ਸੱਚ ਹੀ ਦੱਸਣਾ ਚਾਹੀਦਾ ਹੈ।**

# ਤੁਹਾਡੇ ਗਵਾਹੀ ਦੇਣ ਦੇ ਬਾਅਦ

ਜਦੋਂ ਵਕੀਲ ਤੁਹਾਨੂੰ ਸਵਾਲ ਪੁੱਛਣਾ ਬੰਦ ਕਰ ਦੇਣਗੇ ਤਾਂ ਜੱਜ ਜਾਂ ਸ਼ੈਰਿਫ਼ ਤੁਹਾਨੂੰ ਦੱਸ ਦੇਣਗੇ, ਕਿ ਤੁਹਾਡਾ ਕੰਮ ਖ਼ਤਮ ਹੋ ਗਿਆ ਹੈ, ਅਤੇ ਤੁਸੀਂ ਜਾ ਸਕਦੇ ਹੋ।

ਹੁਣ ਤੁਹਾਡਾ ਗਵਾਹ ਹੋਣ ਦਾ ਕੰਮ ਖ਼ਤਮ ਹੋ ਗਿਆ ਹੈ, ਤੇ ਤੁਹਾਨੂੰ ਵਾਪਸ ਨਹੀਂ ਆਉਣਾ ਚਾਹੀਦਾ।

ਬੱਚਿਆਂ ਦੀ ਸੁਣਵਾਈ ਦੀ ਅਦਾਲਤ ਦੇ ਕੇਸਾਂ ਵਿਚ, ਜੇ ਕੇਸ ਤੁਹਾਡੇ ਬੱਚੇ ਬਾਰੇ ਹੈ, ਅਤੇ ਤੁਸੀਂ ਸੰਬੰਧਿਤ ਵਿਅਕਤੀ ਹੋ, ਤਾਂ ਤੁਹਾਨੂੰ ਕੇਸ ਦੀ ਸਾਰੀ ਕਾਰਵਾਈ ਦੌਰਾਨ ਅਦਾਲਤ ਵਿਚ ਮੌਜੂਦ ਰਹਿਣ ਦਾ ਹੱਕ ਹੈ। ਤੁਸੀਂ ਇਹ ਗੱਲ ਬੱਚਿਆਂ ਦੇ ਰਿਪੋਰਟਰ ਨੂੰ ਸਪਸ਼ਟ ਕਰ ਸਕਦੇ ਹੋ।

ਫ਼ੌਜਦਾਰੀ ਮੁਕੱਦਮਿਆਂ ਵਿਚ, ਤੁਸੀਂ ਬਿਆਨ ਦੇਣ ਬਾਅਦ ਅਦਾਲਤ ਵਿਚ ਬਣੀ ਪਬਲਿਕ ਗੈਲਰੀ ਵਿਚ ਜਾਕੇ ਕੇਸ ਦੀ ਬਾਕੀ ਸੁਣਵਾਈ ਸੁਣਨਾ ਚਾਹੋਗੇ। ਕਿਰਪਾ ਕਰਕੇ ਇਹ ਯਾਦ ਰਖੋ ਕਿ ਕਈ ਵਾਰ ਅਦਾਲਤ ਜਨਤਾ ਲਈ ਬਣੀ ਗੈਲਰੀ ਨੂੰ, ਕਈ ਗਵਾਹਾਂ ਦੀ ਗਵਾਹੀ ਦੌਰਾਨ ਖਾਲੀ ਕਰਵਾ ਲੈਂਦੀ ਹੈ। ਤੁਹਾਨੂੰ ਹਮੇਸ਼ਾ ਅਦਾਲਤ ਦੇ ਸਟਾਫ਼ ਕੋਲੋਂ ਇਹ ਪੁੱਛ ਲੈਣਾ ਚਾਹੀਦਾ ਹੈ ਕਿ ਕੀ ਤੁਹਾਨੂੰ ਪਬਲਿਕ ਲਈ ਰਖੀ ਥਾਂ ਤੇ ਗਵਾਹੀ ਦੇਣ ਬਾਅਦ ਬੈਠਣ ਦੀ ਆਗਿਆ ਹੈ ਕਿ ਨਹੀਂ।

# ਮੁਕੱਦਮੇ ਦਾ ਅੰਤ

ਇਹ ਦੱਸਣਾ ਕਿ ਅਦਾਲਤ ਦਾ ਹਰ ਕੇਸ ਕਿੰਨੀ ਦੇਰ ਚਲੇਗਾ, ਕਦੀ ਵੀ ਸੰਭਵ ਨਹੀਂ ਹੁੰਦਾ। ਕਈ ਕੇਸ ਸਿਰਫ਼ ਇਕ ਦਿਨ ਵਿਚ ਹੀ ਖ਼ਤਮ ਹੋ ਜਾਂਦੇ ਹਨ ਅਤੇ ਕਈ, ਕਈ ਦਿਨ, ਹਫ਼ਤੇ ਜਾਂ ਹੋਰ ਵੀ ਵਧ ਸਮਾਂ ਲੈਂਦੇ ਹਨ। ਇਹ ਅਕਸਰ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਕਿੰਨੇ ਗਵਾਹ ਹਨ, ਤੇ ਹਰ ਗਵਾਹ ਆਪਣਾ ਬਿਆਨ ਦੇਣ ਵਿਚ ਕਿੰਨਾ ਸਮਾਂ ਲਾਂਦਾ ਹੈ।

ਜਦੋਂ ਸਭ ਗਵਾਹਾਂ ਦੇ ਬਿਆਨ ਸੁਣ ਲਏ ਜਾਂਦੇ ਹਨ, ਤਾਂ ਜੱਜ/ਸ਼ੈਰਿਫ਼ (ਜਾਂ ਜਿਊਰੀ) ਨੂੰ ਕਿਸੇ ਫ਼ੈਸਲੇ ਤੇ ਪੁੱਜਣਾ ਚਾਹੀਦਾ ਹੈ ਜਾਂ ਫ਼ੈਸਲਾ ਕਰਨਾ ਚਾਹੀਦਾ ਹੈ।

**ਇਕ ਫ਼ੌਜਦਾਰੀ ਮੁਕੱਦਮੇ ਵਿਚ ਇਹ ਸੰਭਵ ਫ਼ੈਸਲੇ ਹੁੰਦੇ ਹਨ** :

- **ਅਪਰਾਧੀ** ਭਾਵ ਕਿ ਅਪਰਾਧ ਕੀਤੇ ਜਾਣ ਦੇ ਸਬੂਤ ਏਨੇ ਹਨ ਕਿ ਕਿਸੇ 'ਸ਼ਕ ਸ਼ੁਬਹ ਤੀ ਗੁੰਜਾਇਸ਼' ਬਿਨਾਂ ਇਹ ਸਾਬਤ ਹੋ ਗਿਆ ਹੈ ਕਿ ਦੋਸ਼ੀ ਵਿਅਕਤੀ ਨੇ ਹੀ ਜੁਰਮ ਜਾਂ ਜ਼ੁਰਮ ਦਾ ਕੋਈ ਹਿੱਸਾ ਕੀਤਾ ਹੈ। ਜੱਜ ਨੂੰ ਫਿਰ ਇਸ ਲਈ ਕੋਈ ਸਜ਼ਾ ਦੱਸਣ ਜਾਂ ਹੁਕਮ ਸੁਣਾਉਣ ਲਈ ਕਿਹਾ ਜਾਏਗਾ।

- **ਸਾਬਤ ਨਹੀਂ ਹੋਇਆ ਜਾਂ ਦੋਸ਼ੀ ਅਪਰਾਧੀ ਨਹੀਂ** ਦਾ ਭਾਵ ਹੈ ਕਿ ਸਬੂਤ ਏਨੇ ਜ਼ਿਆਦਾ ਨਹੀਂ ਸਨ, ਕਿ ਦੋਸ਼ੀ 'ਸ਼ਕ ਸ਼ੁਬਹ ਦੀ ਗੁੰਜਾਇਸ਼' ਤੋਂ ਬਿਨਾਂ ਅਪਰਾਧੀ ਸਾਬਤ ਹੋ ਜਾਂਦਾ ਜਾਂ ਹੋਰ ਕੋਈ ਵਿਸ਼ੇਸ਼ ਕਾਰਣ ਸਨ, ਕਿ ਦੋਸ਼ੀ ਵਿਅਕਤੀ ਅਪਰਾਧੀ ਸਾਬਤ ਨਹੀਂ ਹੋਇਆ। ਇਨ੍ਹਾਂ ਦੋਹਾਂ ਫ਼ੈਸਲਿਆਂ ਦਾ ਇਕੋ ਨਤੀਜਾ ਹੁੰਦਾ ਹੈ ਅਤੇ ਇਸਦਾ ਮਤਲਬ ਇਹ ਹੈ ਕਿ ਦੋਸ਼ੀ ਨੂੰ ਅਦਾਲਤ ਤੋਂ ਬਾਹਰ ਜਾਣ ਦਿੱਤਾ ਜਾਏਗਾ ਅਤੇ ਉਹ ਉੱਥੋਂ ਬਾਹਰ ਜਾਣ ਲਈ ਆਜ਼ਾਦ ਹੈ, ਅਤੇ ਇਸੇ ਅਪਰਾਧ ਲਈ ਉਸਤੇ ਦੂਜੀ ਵਾਰ ਮੁਕਦਮਾ ਨਹੀਂ ਚਲਾਇਆ ਜਾ ਸਕਦਾ।

**ਚਿਲਡਰਨਸ ਹਿਅਰਿੰਗ ਦੀ ਅਦਾਲਤ**, ਦੇ ਕੇਸ ਵਿਚ ਸ਼ੈਰਿਫ਼ ਹੀ ਇਹ ਫ਼ੈਸਲਾ ਕਰਦਾ ਹੈ ਕਿ ਕੀ ਸਾਬਤ ਹੋਇਆ ਹੈ, ਕੀ ਦੋਸ਼ ਸਾਬਤ ਹੋਏ ਹਨ ਤੇ ਕੀ ਇਸ ਕੇਸ ਦੇ ਨਬੇੜੇ ਲਈ ਕੇਸ ਨੂੰ ਵਾਪਸ ਬੱਚਿਆਂ ਦੀ ਸੁਣਵਾਈ ਦੀ ਅਦਾਲਤ ਨੂੰ ਭੇਜਣਾ ਚਾਹੀਦਾ ਹੈ ਕਿ ਨਹੀਂ। ਜੇ ਕੇਸ ਨੂੰ ਵਾਪਸ ਬੱਚਿਆਂ ਦੀ ਸੁਣਵਾਈ ਦੀ ਅਦਾਲਤ ਵਿਚ ਭੇਜਣਾ ਹੈ ਤਾਂ ਉਹ ਹੀ ਫ਼ੈਸਲਾ ਕਰਨਗੇ ਕਿ ਉਸ ਬਾਅਦ ਕੀ ਹੋਏਗਾ।

ਫ਼ੌਜਦਾਰੀ ਮੁਕਦਮਿਆਂ ਵਿਚ ਕੋਈ ਨਾ ਕੋਈ ਤੁਹਾਨੂੰ ਅੰਤਮ ਫ਼ੈਸਲੇ ਬਾਰੇ ਦੱਸ ਦੇਵੇਗਾ।

ਚਿਲਡਰਨਸ ਹਿਅਰਿੰਗ ਦੀਆਂ ਅਦਾਲਤਾਂ ਦੇ ਕੇਸਾਂ ਵਿਚ ਜਿੱਥੇ ਇਕ ਬੱਚੇ ਦੀ ਪਰਦਾਦਾਰੀ ਸੁਰੱਖਿਅਤ ਰਖਣੀ ਹੁੰਦੀ ਹੈ, ਇਹ ਜਾਣਕਾਰੀ ਸੀਮਿਤ ਹੁੰਦੀ ਹੈ।

ਜੇ ਤੁਸੀਂ ਕਿਸੇ ਨਾਲ ਗੱਲ ਕਰਨੀ ਚਾਹੁੰਦੇ ਹੋ, ਜਾਂ ਕਿਸੇ ਖ਼ਾਸ ਸਜ਼ਾ ਜਾਂ ਫ਼ੈਸਲੇ ਨੂੰ ਚੰਗੀ ਤਰ੍ਹਾਂ ਸਮਝਣਾ ਚਾਹੁੰਦੇ ਹੋ, ਤਾਂ ਤੁਹਾਨੂੰ ਪ੍ਰੋਕਿਉਰੇਟਰ ਫ਼ਿਸਕਲ/VIA, ਬੱਚਿਆਂ ਦੇ ਰਿਪੋਰਟਰ ਜਾਂ ਵਕੀਲ ਨਾਲ ਗੱਲਬਾਤ ਕਰਨੀ ਚਾਹੀਦੀ ਹੈ, ਇਹ ਇਸ ਤੇ ਨਿਰਭਰ ਕਰੇਗਾ ਕਿ ਤੁਹਾਨੂੰ ਗਵਾਹ ਵਜੋਂ ਕਿਸਨੇ ਤਲਬ ਕੀਤਾ ਸੀ। ਉਹ ਤੁਹਾਨੂੰ ਉਂਨੀਂ ਜਾਣਕਾਰੀ ਹੀ ਦੇਣਗੇ, ਜਿੰਨੀ ਉਨ੍ਹਾਂ ਨੂੰ ਇਜ਼ਾਜ਼ਤ ਹੈ।

ਜੇ ਤੁਸੀਂ ਕੀਤੇ ਖ਼ਰਚੇ ਦਾ ਦਾਅਵਾ ਪੇਸ਼ ਕਰਦੇ ਹੋ, ਤਾਂ ਤੁਹਾਨੂੰ ਭੇਜੀ ਗਈ ਤਲਬੀ ਦੀ ਚਿੱਠੀ ਦੇ ਪਿਛਲੇ ਪਾਸੇ ਸਭ ਵੇਰਵੇ ਮਿਲਣਗੇ। ਜਦੋਂ ਤੁਸੀਂ ਇਸ ਨੂੰ ਪੂਰਾ ਕਰ ਲੈਂਦੇ ਹੋ, ਤਾਂ ਤੁਸੀਂ ਉਸ ਵਿਅਕਤੀ ਕੋਲ ਦਾਅਵਾ ਪੇਸ਼ ਕਰ ਸਕਦੇ ਹੋ, ਜਿਸਨੇ ਤੁਹਾਨੂੰ ਗਵਾਹ ਵਜੋਂ ਤਲਬ ਕੀਤਾ ਸੀ। ਇਹ ਤੁਹਾਡਾ ਸਥਾਨਕ ਪ੍ਰੋਕਿਉਰੇਟਰ ਫ਼ਿਸਕਲ, ਬੱਚਿਆਂ ਦਾ ਰਿਪੋਰਟਰ ਜਾਂ ਬਚਾਅ ਪੱਖ ਦਾ ਵਕੀਲ ਹੋ ਸਕਦਾ ਹੈ। ਕਈ ਵਾਰ ਤੁਸੀਂ ਇਸ ਖ਼ਰਚੇ ਦੇ ਦਾਅਵੇ ਨੂੰ ਸਥਾਨਕ ਅਦਾਲਤ ਵਿਚ ਵੀ ਪੇਸ਼ ਕਰ ਸਕਦੇ ਹੋ।

# ਹੋਰ ਉਪਲਬਧ ਸਹਾਇਤਾ

**ਫ਼ੌਜਦਾਰੀ ਮਾਮਲੇ ਵਿਚ ਜਖਮੀ ਹੋਣ ਤੇ ਮੁਆਵਜ਼ੇ ਦਾ ਦਾਅਵਾ** (**Criminal Injuries Compensation Claims**) : ਜੇ ਤੁਸੀਂ ਹਿੰਸਕ ਅਪਰਾਧ ਦੇ ਸ਼ਿਕਾਰ ਹੋ ਤਾਂ ਤੁਸੀਂ ਫ਼ੌਜਦਾਰੀ ਮਾਮਲੇ ਵਿਚ ਜ਼ਖ਼ਮੀ ਹੋਣ ਲਈ ਮੁਆਵਜ਼ੇ ਦੀ ਰਕਮ ਲਈ ਅਰਜ਼ੀ ਦੇ ਸਕਦੇ ਹੋ।

ਤੁਸੀਂ ਕਲੇਮ ਫ਼ਾਰਮ ਲਈ ਇਨ੍ਹਾਂ ਨੂੰ ਸੰਪਰਕ ਕਰੋ :

The Criminal Injuries Compensation Authority [ਦੀ ਕਰਿਮਿਨਲ ਇੰਜਰੀਜ਼ ਕੰਮਪੈਂਸੇਸ਼ਨ ਅਥਾਰਿਟੀ (CICA)]
Tay House
300 Bath Street
Glasgow
G2 4LN
ਫ਼ੋਨ : 0141 331 2726

ਜੇ ਤੁਹਾਨੂੰ ਫ਼ਾਰਮ ਪੂਰਾ ਕਰਨ ਲਈ ਸਹਾਇਤਾ ਚਾਹੀਦੀ ਹੈ, ਤਾਂ ਤੁਸੀਂ ਆਪਣੇ ਸਥਾਨਕ ਵਿਕਟਮ ਸਪੋਰਟ ਦਫ਼ਤਰ (Victim Support office) ਜਾਂ ਇਕ ਵਕੀਲ ਨੂੰ ਕਹਿ ਸਕਦੇ ਹੋ।

**ਵਿਕਟਿਮ ਨੋਟੀਫ਼ਿਕੇਸ਼ਨ ਸਕੀਮ** (**Victim Notification Scheme**) : ਜੇ ਤੁਸੀਂ ਕਿਸੇ ਅਪਰਾਧ ਦਾ ਸ਼ਿਕਾਰ ਹੋਏ ਹੋ, ਅਤੇ ਦੋਸ਼ੀ ਵਿਅਕਤੀ ਨੂੰ 4 ਸਾਲਾਂ ਜਾਂ ਵਧ ਸਮੇਂ ਲਈ ਜੇਲ ਭੇਜ ਦਿੱਤਾ ਗਿਆ ਹੈ, ਤਾਂ ਤੁਸੀਂ ਵਿਕਟਿਮ ਨੋਟੀਫ਼ਿਕੇਸ਼ਨ ਸਕੀਮ ਵਿਚ ਹਿੱਸਾ ਲੈ ਸਕਦੇ ਹੋ। ਇਸ ਸਕੀਮ ਤਹਿਤ ਅਪਰਾਧ ਦਾ ਸ਼ਿਕਾਰ ਹੋਏ ਲੋਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਇਹ ਜਾਣਕਾਰੀ ਦਿੱਤੀ ਜਾਂਦੀ ਹੈ ਕਿ ਦੋਸ਼ੀ ਵਿਅਕਤੀ ਨੇ ਜੇਲ ਵਿਚੋਂ ਕਦੋਂ ਰਿਹਾ ਹੋਣਾ ਹੈ। ਜੇ ਤੁਸੀਂ ਇਸ ਸਕੀਮ ਵਿਚ ਹਿੱਸਾ ਲੈਣ ਦੇ ਹੱਕਦਾਰ ਹੋ, ਤਾਂ ਤੁਹਾਨੂੰ ਇਸ ਬਾਰੇ VIA ਤੋਂ ਇਕ ਚਿੱਠੀ ਅਤੇ ਲੀਫ਼ਲੈਟ ਮਿਲੇਗੀ।

**ਵਿਕਟਿਮ ਸਪੋਰਟ ਸਕਾਟਲੈਂਡ (Victim Support Scotland)** : ਸਭ ਮਾਮਲਿਆਂ ਵਿਚ, ਤੁਹਾਨੂੰ ਸਥਾਨਕ ਸਹਾਇਤਾ ਸੇਵਾਵਾਂ ਨਾਲ ਗੱਲਬਾਤ ਕਰਨ ਨਾਲ ਮਦਦ ਮਿਲੇਗੀ। ਵਿਕਟਿਮ ਸਪੋਰਟ ਸਕਾਟਲੈਂਡ ਦੀ ਹੈਲਪਲਾਈਨ ਤੁਹਾਨੂੰ ਤੁਹਾਡੇ ਸਥਾਨਕ ਦਫ਼ਤਰ ਨਾਲ ਗੱਲ ਕਰਵਾ ਸਕਦੀ ਹੈ, ਟੈਲੀਫ਼ੋਨ : 0845 603 9213.

ਤੁਹਾਨੂੰ ਇਨ੍ਹਾਂ ਸਥਾਨਕ ਸੇਵਾਵਾਂ ਬਾਰੇ ਹੋਰ ਵਧ ਜਾਣਕਾਰੀ ਵਿਟਨੈਸ ਸਰਵਿਸ (Witness Service) ਜਾਂ VIA ਤੋਂ ਮਿਲ ਸਕਦੀ ਹੈ।

**ਸਕਾਟਿਸ਼ ਪ੍ਰਿਜ਼ਨਰਸ ਫ਼ੈਮਿਲੀਜ਼ ਹੈਲਪਲਾਈਨ (Scottish Prisoner's Families Helpline)** : ਜੇ ਤੁਸੀਂ ਕਿਸੇ ਦੋਸ਼ੀ ਵਿਅਕਤੀ ਜਿਸਨੂੰ ਜੇਲ ਭੇਜਿਆ ਜਾ ਸਕਦਾ ਹੈ, ਦੇ ਰਿਸ਼ਤੇਦਾਰ ਹੋ, ਤੇ ਤੁਹਾਨੂੰ ਜਾਣਕਾਰੀ ਚਾਹੀਦੀ ਹੈ, ਜਾਂ ਸਹਾਇਤਾ ਲਈ ਕੋਈ ਗੱਲ ਸੁਣਨ ਵਾਲਾ ਚਾਹੀਦਾ ਹੈ, ਤਾਂ ਤੁਸੀਂ ਮੁਫ਼ਤ ਹੈਲਪਲਾਈਨ 0500 83 93 83 ਤੇ ਗੱਲਬਾਤ ਕਰ ਸਕਦੇ ਹੋ।

# ਕੋਈ ਹੋਰ ਸਵਾਲ ਜਾਂ ਟਿੱਪਣੀਆਂ

ਤੁਹਾਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ, ਕਿ ਤੁਹਾਡੇ ਕੋਲ ਮੁਕੱਦਮੇ ਦੀ ਤਾਰੀਖ਼ ਤੋਂ ਪਹਿਲਾਂ ਸਭ ਲੋੜੀਂਦੀ ਜਾਣਕਾਰੀ ਹੈ। ਜਿਵੇਂ ਕਿ, ਤੁਸੀਂ ਜਾਂਚ ਕਰੋ ਕਿ ਤੁਹਾਨੂੰ ਪਤਾ ਹੈ ਕਿ ਅਦਾਲਤ ਦੀ ਇਮਾਰਤ ਜਾਂ ਟੈਲੀਵਿਯਨ ਲਿੰਕ ਰੂਮ ਕਿੱਥੇ ਹਨ ਅਤੇ ਤੁਸੀਂ ਉੱਥੇ ਕਿਵੇਂ ਪਹੁੰਚੋਗੇ।

ਜੇ ਤੁਹਾਡੇ ਆਪਣੇ ਗਵਾਹ ਹੋਣ ਬਾਰੇ ਕੋਈ ਸਵਾਲ ਹਨ, ਤਾਂ ਤੁਹਾਨੂੰ ਉਨ੍ਹਾਂ ਨੂੰ ਲਿਖ ਲੈਣਾ ਚਾਹੀਦਾ ਹੈ, ਤਾਂ ਜੋ ਤੁਸੀਂ ਉਨ੍ਹਾਂ ਬਾਰੇ ਪ੍ਰੋਕਿਉਰੇਟਰ ਫ਼ਿਸਕਲ/VIA, ਵਕੀਲ, ਬੱਚਿਆਂ ਦੇ ਰਿਪੋਰਟਰ ਜਾਂ ਉਸ ਵਿਅਕਤੀ ਨਾਲ, ਜੋ ਤੁਹਾਨੂੰ ਸਾਰੀ ਅਦਾਲਤ ਵਿਖਾਉਂਦਾ ਹੈ, ਨਾਲ ਵਿਚਾਰ ਵਟਾਂਦਰਾ ਕਰ ਸਕੋ।

**ਇਸ ਕਿਤਾਬਚੀ ਦੇ ਪਿੱਛੇ ਨੋਟ ਪੇਜ ਤੇ ਜੋ ਕੋਈ ਸਵਾਲ ਤੁਸੀਂ ਪੁੱਛਣੇ ਹਨ, ਉਹ ਨੋਟ ਕਰ ਲਉ।**

ਸ਼ਾਇਦ ਤੁਸੀਂ ਇਹ ਵੀ ਦੱਸਣਾ ਚਾਹੋ ਕਿ ਇਨ੍ਹਾਂ ਸੇਵਾਵਾਂ ਨੇ ਤੁਹਾਡੀ ਸਹਾਇਤਾ ਕਿਵੇਂ ਕੀਤੀ ਅਤੇ ਇਨ੍ਹਾਂ ਨੂੰ ਹੋਰ ਬਿਹਤਰ ਕਿਵੇਂ ਬਣਾਇਆ ਜਾ ਸਕਦਾ ਹੈ।

**ਜੇ ਤੁਹਾਡੀਆਂ ਕੋਈ ਹੋਰ ਟਿੱਪਣੀਆਂ ਹਨ, ਜੋ ਤੁਸੀਂ ਮਹਿਸੂਸ ਕਰਦੇ ਹੋ ਕਿ ਉਹ ਭਵਿੱਖ ਵਿਚ ਹੋਰ ਗਵਾਹਾਂ ਦੀ ਮਦਦ ਕਰ ਸਕਣਗੀਆਂ, ਤਾਂ ਕਿਰਪਾ ਕਰਕੇ ਪ੍ਰੋਕਿਉਰੇਟਰ ਫ਼ਿਸਕਲ/VIA, ਬੱਚਿਆਂ ਦੇ ਰਿਪੋਰਟਰ ਜਾਂ ਜਿਸ ਵਕੀਲ ਨੂੰ ਤੁਸੀਂ ਜਾਣਦੇ ਹੋ, ਨੂੰ ਦੱਸੋ।**

ਵਿਟਨੈਸ ਸਰਵਿਸ (Witness Service) ਵੀ ਤੁਹਾਨੂੰ ਆਪਣੇ ਵਿਚਾਰ ਦੱਸਣ ਲਈ ਸੱਦਾ ਦੇ ਸਕਦੀ ਹੈ।

# ਯਾਦ ਰੱਖਣ ਲਈ ਕੁਝ ਗੱਲਾਂ

ਉਹ ਸਭ ਲੋਕ ਜੋ ਕਿਸੇ ਕੇਸ ਨੂੰ ਅਦਾਲਤ ਤਕ ਲਿਆਉਣ ਵਿਚ ਸ਼ਾਮਲ ਹਨ, ਸਮਝਦੇ ਹਨ ਕਿ ਇਹ ਤੁਹਾਡੇ ਲਈ ਔਖਾ ਸਮਾਂ ਹੈ। ਕਿਰਪਾ ਕਰਕੇ ਆਪਣੀਆਂ ਚਿੰਤਾਵਾਂ ਅਤੇ ਤੌਖ਼ਲਿਆਂ ਬਾਰੇ ਉਨ੍ਹਾਂ ਨਾਲ ਗੱਲ ਕਰੋ। ਉਹ ਤੁਹਾਡੀ ਸਹਾਇਤਾ ਲਈ ਹਨ।

- ਜੇ ਇਸ ਕਿਤਾਬਚੀ ਦੇ ਵਿਸ਼ੇ ਬਾਰੇ ਤੁਹਾਡੇ ਕੋਈ ਸਵਾਲ ਹਨ ਜਾਂ ਕੁਝ ਹੋਰ ਅਜਿਹਾ ਹੈ, ਜਿਸ ਬਾਰੇ ਤੁਹਾਨੂੰ ਪੱਕਾ ਪਤਾ ਨਹੀਂ, ਤਾਂ ਕਿਰਪਾ ਕਰਕੇ ਉਸ ਵਿਅਕਤੀ ਨਾਲ ਗੱਲ ਕਰੋ, ਜਿਸਨੇ ਤੁਹਾਨੂੰ ਗਵਾਹ ਵਜੋਂ ਤਲਬ ਕੀਤਾ ਹੈ।

- ਜੇ ਤੁਹਾਨੂੰ ਅਜੇ ਅਦਾਲਤ ਵੇਖਣ ਜਾਂ ਉਸ ਬਾਰੇ ਜਾਣਕਾਰੀ ਲੈਣ ਲਈ ਨਹੀਂ ਬੁਲਾਇਆ ਗਿਆ ਤਾਂ ਉਨ੍ਹਾਂ ਨੂੰ ਕਹੋ ਕਿ ਉਹ ਜਲਦੀ ਬੁਲਾਣ

## ਇਕ ਗਵਾਹ ਵਜੋਂ, ਤੁਹਾਡਾ ਸਭ ਤੋਂ ਵਧ ਅਹਿਮ ਕੰਮ ਹੈ ਕਿ ਜੋ ਤੁਸੀਂ ਜਾਣਦੇ ਹੋ, ਉਸ ਬਾਰੇ ਅਦਾਲਤ ਨੂੰ ਸੱਚ ਸੱਚ ਦੱਸੋ।

## ਧੰਨਵਾਦ

# ਉਪਯੋਗੀ ਸੰਪਰਕ ਨਾਂਅ ਅਤੇ ਨੰਬਰ

ਪੁਲੀਸ ਅਧਿਕਾਰੀ :

ਚਿਲਡਰਨਸ ਰਿਪੋਰਟਰ :

ਵਕੀਲ :

ਵਿਟਨੈਸ ਸਰਵਿਸ (Witness Service) :

ਪ੍ਰੋਕਿਉਰੇਟਰ ਫ਼ਿਸਕਲ (Procurator Fiscal) :

ਵਿਕਟਿਮ ਇਨਫ਼ਾਰਮੇਸ਼ਨ ਐਂਡ ਐਡਵਾਈਸ [Victim Information and Advice (VIA)] :

ਵਿਕਟਿਮ ਸਪੋਰਟ ਸਕਾਟਲੈਂਡ (Victim Support Scotland) :

ਹੋਰ ਸੰਸਥਾਵਾਂ/ਏਜੰਸੀ ਸੰਪਰਕ :

ਅਦਾਲਤ ਜਾਣਾ

# ਗਲਾਸਰੀ



**ਕੋਰਟ ਵਿਚ ਲੋਕੀ ਅਜਿਹੇ ਸ਼ਬਦ ਵਰਤਦੇ ਹਨ, ਜੋ ਸ਼ਾਇਦ ਤੁਸੀਂ ਪਹਿਲਾਂ ਨਾ ਸੁਣੇ ਹੋਣ। ਹੇਠਾਂ ਉਨ੍ਹਾਂ ਵਿਚੋਂ ਕੁਝ ਸ਼ਬਦਾਂ ਦੀ ਲਿਸਟ ਦਿੱਤੀ ਗਈ ਹੈ :**

**ਦੋਸ਼ੀ**

ਉਹ ਵਿਅਕਤੀ ਜਿਸ ਤੇ ਮੁਕਦਮਾ ਚਲ ਰਿਹਾ ਹੁੰਦਾ ਹੈ ਅਤੇ ਜਿਸ ਤੇ ਕਾਨੂੰਨ ਭੰਗ ਕਰਨ ਦਾ ਦੋਸ਼ ਹੁੰਦਾ ਹੈ।

**ਐਡਵੋਕੇਟ ਡਿਪਿਊਟ**

ਇਸਤਗ਼ਾਸੇ ਦਾ ਵਕੀਲ ਜੋ ਹਾਈ ਕੋਰਟ ਵਿੱਚ ਪੇਸ਼ ਹੁੰਦਾ ਹੈ – ਵੇਖੋ ਪ੍ਰੋਕਿਉਰੇਟਰ ਫ਼ਿਸਕਲ

**ਪੁਸ਼ਟੀ**

ਸੱਚ ਦੱਸਣ ਦਾ ਵਾਅਦਾ (ਵੇਖੋ ਸਹੁੰ)।

**ਇਲਜ਼ਾਮ**

ਉਹ ਗੱਲ ਜੋ ਕਿਸੇ ਵਿਅਕਤੀ ਦੇ ਕਹਿਣ ਅਨੁਸਾਰ ਵਾਪਰੀ ਹੁੰਦੀ ਹੈ।

**ਦੋਸ਼**

ਉਹ ਅਪਰਾਧ ਜਿਸ ਬਦਲੇ ਦੋਸ਼ੀ ਵਿਅਕਤੀ ਤੇ ਮੁਕੱਦਮਾ ਚਲਾਇਆ ਜਾਂਦਾ ਹੈ।

**ਚਿਲਡਰਨਸ ਹਿਅਰਿੰਗ**

ਇਹ ਉਹ ਅਮਲ ਹੈ ਜਿਸ ਵਿਚ ਬੱਚਿਆਂ ਦਾ ਪੈਨਲ, ਪਰਿਵਾਰ, ਬੱਚਾ ਅਤੇ ਹੋਰ ਲੋਕ, ਉਸ ਬੱਚੇ, ਜਿਸਦਾ ਦੋਸ਼ ਅਦਾਲਤ ਵਿਚ ਸਾਬਤ ਹੋ ਗਿਆ ਹੋਵੇ, ਬੱਚੇ ਦੀ ਚਿੰਤਾ ਬਾਰੇ ਵਿਚਾਰ ਵਟਾਂਦਰਾ ਕਰਦੇ ਹਨ।

**ਚਿਲਡਰਨਸ ਹਿਅਰਿੰਗ ਕੋਰਟ ਕੇਸ**

ਅਦਾਲਤ ਵਿਚ ਕਾਰਵਾਈ ਹੈ, ਜਦੋਂ ਗਵਾਹ, ਰਿਪੋਰਟਰ ਵਲੋਂ ਪੇਸ਼ ਕੀਤੇ ਕੇਸ ਦੀ ਹਿਮਾਇਤ ਜਾਂ ਵਿਰੋਧ ਵਿਚ ਗਵਾਹੀ ਦੇਂਦੇ ਹਨ ਅਤੇ ਇੱਥੇ ਕੇਸ ਨੂੰ ਜਾਂ ਤੇ ਸਾਬਤ ਜਾਂ ਖਾਰਜ ਕਰਨਾ ਪੈਂਦਾ ਹੈ, ਇਸ ਤੋਂ ਬਾਅਦ ਹੀ ਚਿਲਡਰਨਸ ਹਿਅਰਿੰਗ ਹੋ ਸਕਦੀ ਹੈ।

**ਚਿਲਡਰਨਸ ਰਿਪੋਰਟਰ**

ਉਹ ਵਿਅਕਤੀ ਜੋ ਬੱਚਿਆਂ ਦੀ ਅਦਾਲਤ ਦੀ ਸੁਣਵਾਈ ਵਿਚ ਕੇਸ ਪੇਸ਼ ਕਰਦਾ ਹੈ ਅਤੇ ਗਵਾਹਾਂ ਨੂੰ ਆਉਣ ਲਈ ਬੇਨਤੀ ਕਰਦਾ ਹੈ। ਉਹ ਅਦਾਲਤ ਵਿਚ ਸਵਾਲ ਪੁਛਦੇ ਹਨ, ਅਤੇ ਬੱਚਿਆਂ ਦੇ ਹਿਤ ਦਾ ਧਿਆਨ ਰਖਦੇ ਹਨ, ਪਰ ਬੱਚੇ ਦੀ ਪ੍ਰਤੀਨਿਧਤਾ ਨਹੀਂ ਕਰਦੇ।

**ਸਾਈਟੇਸ਼ਨ** (**ਸੰਮਣ**)

ਸਰਕਾਰੀ ਫ਼ਾਰਮ ਜਾਂ ਪੱਤਰ ਜਿਸ ਵਿੱਚ ਗਵਾਹ ਨੂੰ ਇਕ ਖ਼ਾਸ ਕੋਰਟ ਵਿੱਚ ਇਕ ਨਿਸਚਤ ਤਾਰੀਖ਼ ਨੂੰ ਪੇਸ਼ ਹੋਣ ਲਈ ਕਿਹਾ ਜਾਂਦਾ ਹੈ।

**ਕਲਰਕ** (**ਕੋਰਟ ਦਾ**)

ਉਹ ਵਿਅਕਤੀ ਜੋ ਕੋਰਟ ਦੇ ਕਾਗ਼ਜ਼ ਪੱਤਰ ਅਤੇ ਰਿਕਾਰਡ ਰਖਦਾ ਹੈ।

**ਅਪਰਾਧ ਕਰਨਾ**

ਕਾਨੂੰਨ ਭੰਗ ਕਰਨ ਵਾਂਗ ਹੀ ਹੈ।

**ਸ਼ਿਕਾਇਤ**

ਇਕ ਬਿਆਨ ਜਿਸ ਵਿੱਚ ਕਿਸੇ ਤੇ ਕਾਨੂੰਨ ਭੰਗ ਕਰਨ ਦਾ ਦੋਸ਼ ਲਾਇਆ ਜਾਂਦਾ ਹੈ – ਇਹ ਇਕ ਕੋਰਟ ਦਸਤਾਵੇਜ਼ ਵੀ ਹੋ ਸਕਦਾ ਹੈ, ਜਿਸ ਵਿੱਚ ਉਹ ਅਪਰਾਧ ਬਿਆਨ ਕੀਤਾ ਗਿਆ ਹੁੰਦਾ ਹੈ, ਜਿਸ ਬਦਲੇ ਦੋਸ਼ੀ ਤੇ ਮੁਕੱਦਮਾ ਚਲਾਇਆ ਜਾਂਦਾ ਹੈ।

# ਅਦਾਲਤ ਜਾਣਾ

**ਜਿਰ੍ਹਾ**

ਜਿਹੜਾ ਵਿਅਕਤੀ ਗਵਾਹ ਨੂੰ ਅਦਾਲਤ ਵਿੱਚ ਬੁਲਾਉਂਦਾ ਹੈ, ਉਸਤੋਂ ਬਾਅਦ ਹੋਰ ਵਕੀਲ(ਵਕੀਲਾਂ) ਵਲੋਂ ਸਵਾਲ ਪੁੱਛੇ ਜਾਣ ਦੀ ਪ੍ਰਕਿਰਿਆ - ਵੇਖੋ ਐਗਜ਼ੈਮੀਨੇਸ਼ਨ (ਇਨ-ਚੀਫ਼)।

**ਕ੍ਰਾਊਨ ਆਫ਼ਿਸ**

ਉਹ ਦਫ਼ਤਰ ਜੋ ਕੋਰਟ ਵਿੱਚ ਕੇਸ ਲਿਆਉਣ ਸੰਬੰਧੀ ਇਨਚਾਰਜ ਹੈ - ਵੇਖੋ ਇਸਤਗ਼ਾਸਾ।

**ਅਦਾਲਤ ਵਿਚ ਮੁਕੱਦਮਾ**

ਕੋਰਟ ਵਿਚ ਇਕ ਨਿਸਚਤ ਮੁਕੱਦਮਾ ਜਾਂ ਕਾਰਵਾਈ।

**ਅਦਾਲਤ ਦਾ ਅਧਿਕਾਰੀ (ਜਿਸਨੂੰ ਕਦੀ ਕਦੀ ਮੇਸਰ ਕਿਹਾ ਜਾਂਦਾ ਹੈ)**

ਉਹ ਵਿਅਕਤੀ ਜੋ ਜੱਜ ਦੀ ਸਹਾਇਤਾ ਕਰਦਾ ਹੈ - ਉਹ ਹਰ ਗਵਾਹ ਨੂੰ ਕੋਰਟ ਵਿੱਚ ਬੁਲਾਉਣ ਦਾ ਕੰਮ ਵੀ ਕਰਦਾ ਹੈ।

**ਅਦਾਲਤ ਨਾਲ ਜਾਣ ਪਛਾਣ ਕਰਨ ਲਈ ਉੱਥੇ ਜਾਣਾ**

ਮੁਕਦਮੇ ਤੋਂ ਪਹਿਲਾਂ ਇਕ ਗਵਾਹ ਵਲੋਂ ਇਹ ਵੇਖਣ ਲਈ ਕਿ ਇਹ ਸਥਾਨ ਕਿਸ ਤਰ੍ਹਾਂ ਦਾ ਹੈ ਅਤੇ ਕੋਰਟ ਦੀ ਕਾਰਜ ਵਿਧੀ ਬਾਰੇ ਹੋਰ ਜਾਣਕਾਰੀ ਲਈ ਕੋਰਟ ਵਿਚ ਜਾਣਾ।

**ਬਚਾਅ ਪੱਖ ਦਾ ਵਕੀਲ/ਬਚਾਅ ਪੱਖ ਦਾ ਕੌਂਸਲ**

ਉਹ ਵਕੀਲ ਜੋ ਕੋਰਟ ਵਿਚ ਦੋਸ਼ੀ ਦੀ ਨੁਮਾਇੰਦਗੀ ਕਰਦਾ ਹੈ ਅਤੇ ਉਸਦੀ ਮਦਦ ਕਰਦਾ ਹੈ।

**ਗਵਾਹੀ**

ਗਵਾਹ ਕੋਰਟ ਵਿੱਚ ਜੋ ਕੁਝ ਕਹਿੰਦਾ ਹੈ - ਇਹ ਸਬੂਤ ਵੀ ਹੋ ਸਕਦੇ ਹਨ। ਜਿਵੇਂ ਕਿ ਫ਼ੋਟੋ, ਕਪੜੇ ਜਾਂ ਡਰਾਇੰਗਾਂ ਜੋ ਕੋਰਟ ਵਿਚ ਇਹ ਦੱਸਣ ਲਈ ਪੇਸ਼ ਕੀਤੇ ਜਾਂਦੇ ਹਨ ਕਿ ਕੀ ਹੋਇਆ ਸੀ।
ਵੇਖੋ ਪ੍ਰੋਡਕਸ਼ਨਸ।

**ਐਗਜ਼ੈਮੀਨੇਸ਼ਨ (ਇਨ-ਚੀਫ਼)**

ਗਵਾਹ ਨੂੰ ਅਦਾਲਤ ਵਿਚ ਬੁਲਾਉਣ ਵਾਲੇ ਵਕੀਲ ਵਲੋਂ ਸਵਾਲ ਪੁੱਛੇ ਜਾਣ ਦੀ ਪ੍ਰਕਿਰਿਆ। ਇਹ ਵਕੀਲ ਕਿਸੇ ਵੀ ਹੋਰ ਵਕੀਲ ਤੋਂ ਪਹਿਲਾਂ ਗਵਾਹ ਕੋਲੋਂ ਸਵਾਲ ਪੁੱਛਦਾ ਹੈ – ਵੇਖੋ ਜਿਰ੍ਹਾ।

**ਸ਼ਨਾਖ਼ਤ**

ਗਵਾਹ ਵਲੋਂ ਉਸ ਆਦਮੀ ਜਾਂ ਇਸਤਰੀ ਵਲ ਇਸ਼ਾਰਾ ਕੀਤਾ ਜਾਣਾ, ਜਿਸਦਾ ਕਿ ਉਹ ਜ਼ਿਕਰ ਕਰ ਰਿਹਾ ਹੁੰਦਾ ਹੈ – ਕੁਝ ਹਾਲਤਾਂ ਵਿਚ ਇਹ ਕੋਰਟ ਕੇਸ ਆਰੰਭ ਹੋਣ ਤੋਂ ਪਹਿਲਾਂ ਹੁੰਦਾ ਹੈ ਜਾਂ ਇਹ ਕੋਰਟ ਵਿਚ ਹੋ ਸਕਦਾ ਹੈ।

**ਦੋਸ਼-ਆਰੋਪਣ ਪੱਤਰ**

ਹਾਈ ਕੋਰਟ ਜਾਂ ਸ਼ੈਰਿਫ਼ ਅਤੇ ਜਿਊਰੀ ਕੋਰਟ ਵਿੱਚ ਇਕ ਅਦਾਲਤੀ ਦਸਤਾਵੇਜ਼ – ਇਸ ਵਿੱਚ ਜੁਰਮ ਬਿਆਨ ਕੀਤਾ ਗਿਆ ਹੁੰਦਾ ਹੈ, ਜਿਸ ਵਾਸਤੇ ਦੋਸ਼ੀ ਤੇ ਮੁਕੱਦਮਾ ਚਲ ਰਿਹਾ ਹੁੰਦਾ ਹੈ।

**ਜੱਜ**

ਉਹ ਵਿਅਕਤੀ ਜੋ ਮੁਕੱਦਮੇ ਦਾ ਇਨਚਾਰਜ ਹੁੰਦਾ ਹੈ ਅਤੇ ਕੋਰਟ ਰੂਮ ਵਿੱਚ ਹੋਣ ਵਾਲੀ ਹਰ ਕਾਰਵਾਈ ਤੇ ਉਸਦਾ ਕੰਟਰੋਲ ਹੁੰਦਾ ਹੈ – ਵੇਖੋ ਸ਼ੈਰਿਫ਼।

**ਜਿਊਰੀ**

15 ਆਦਮੀ ਅਤੇ ਇਸਤਰੀਆਂ (ਜਿਊਰਰ) ਜੋ ਗਵਾਹੀਆਂ ਸੁਣਦੇ ਹਨ ਅਤੇ ਫ਼ੈਸਲਾ ਕਰਦੇ ਹਨ ਕਿ ਕੀ ਦੋਸ਼ੀ ਕਸੂਰਵਾਰ ਹੈ ਜਾਂ ਨਹੀਂ।

**ਸਹੁੰ**

ਇਹ ਗਵਾਹ ਵਲੋਂ ਕੋਰਟ ਵਿੱਚ ਬਿਆਨ ਦੇਣ ਸਮੇਂ ਚੁੱਕੀ ਜਾਣ ਵਾਲੀ ਧਾਰਮਕ ਸਹੁੰ ਹੈ ਕਿ ਉਹ ਸੱਚ ਬੋਲੇਗਾ – ਗਵਾਹ ਸਹੁੰ ਚੁੱਕੇ ਬਿਨਾਂ ਵੀ ਸੱਚ ਬੋਲਣ ਦਾ ਵਚਨ ਦੇ ਸਕਦਾ ਹੈ – ਤੁਸੀਂ ਇਹਦੇ ਲਈ ਕਹਿ ਸਕਦੇ ਹੋ।

# ਅਦਾਲਤ ਜਾਣਾ

**ਜਵਾਬ (ਪਲੀਅ)**

ਦੋਸ਼ੀ ਵਲੋਂ ਕੋਰਟ ਵਿੱਚ ਮੁਕੱਦਮਾ ਸ਼ੁਰੂ ਹੋਣ ਤੇ ਦਿੱਤਾ ਜਾਣ ਵਾਲਾ ਜਵਾਬ ਜਦੋਂ ਉਸਨੂੰ ਪੁੱਛਿਆ ਜਾਂਦਾ ਹੈ ਕਿ ਕੀ ਉਹ ਕਸੂਰਵਾਰ ਹੈ ਜਾਂ ਕਸੂਰਵਾਰ ਨਹੀਂ ਹੈ।

**ਪਹਿਲੀ ਸੁਣਵਾਈ**

ਗਵਾਹ ਦੀ ਪ੍ਰੋਕਿਉਰੇਟਰ ਫ਼ਿਸਕਲ ਜਾਂ ਬਚਾਅ ਪੱਖ ਦੇ ਵਕੀਲ (ਵਕੀਲਾਂ ਜਾਂ ਚਿਲਡਰਨਸ ਰਿਪੋਰਟਰ) ਨਾਲ ਇੰਟਰਵਿਊ, ਜਿਸ ਨਾਲ ਉਨ੍ਹਾਂ ਨੂੰ ਕੋਰਟ ਕੇਸ ਤੋਂ ਪਹਿਲਾਂ ਤਿਆਰੀ ਕਰਨ ਵਿੱਚ ਮਦਦ ਮਿਲਦੀ ਹੈ।

**ਪ੍ਰੋਕਿਉਰੇਟਰ ਫ਼ਿਸਕਲ**

ਉਹ ਵਕੀਲ ਜੋ ਇਸਤ਼ਗਾਸੇ ਲਈ ਕੰਮ ਕਰਦਾ ਹੈ – ਵੇਖੋ ਕ੍ਰਾਉਨ ਆਫ਼ਿਸ। ਉਹ ਕੇਸ ਨੂੰ ਕੋਰਟ ਵਿਚ ਪੇਸ਼ ਕਰਨ ਬਾਰੇ ਫ਼ੈਸਲਾ ਕਰਦਾ ਹੈ।

**ਇਸਤ਼ਗਾਸਾ**

ਕਿਸੇ ਵਿਰੁੱਧ ਕਾਨੂੰਨੀ ਕਾਰਵਾਈ ਕਰਨਾ ਅਤੇ ਕੇਸ ਨੂੰ ਕੋਰਟ ਵਿਚ ਪੇਸ਼ ਕਰਨਾ – ਵੇਖੋ ਪ੍ਰੋਕਿਉਰੇਟਰ ਫ਼ਿਸਕਲ ਅਤੇ ਕ੍ਰਾਉਨ ਆਫ਼ਿਸ।

**ਪ੍ਰੋਡਕਸ਼ਨਜ਼**

ਉਹ ਚੀਜ਼ਾਂ ਜੋ ਕੋਰਟ ਵਿੱਚ ਸਬੂਤ ਵਜੋਂ ਪੇਸ਼ ਕੀਤੀਆਂ ਜਾਂਦੀਆਂ ਹਨ ਜਿਵੇਂ ਕਿ ਪੱਤਰ ਜਾਂ ਕਪੜੇ।

**ਸੇਫ਼ਗਾਰਡਰ**

ਬੱਚੇ ਦੇ ਹਿਤਾਂ ਦਾ ਧਿਆਨ ਰਖਣ ਲਈ ਨਿਯੁਕਤ ਕੀਤਾ ਜਾਣ ਵਾਲਾ ਇਕ ਸੁਤੰਤਰ ਵਿਅਕਤੀ।

**ਦੰਡ**

ਜੱਜ ਦਾ ਫ਼ੈਸਲਾ, ਜੋ ਉਹ ਦੋਸ਼ੀ ਨੂੰ ਕਾਨੂੰਨ ਭੰਗ ਕਰਨ ਦਾ ਅਪਰਾਧੀ ਪਾਏ ਜਾਣ ’ਤੇ ਦਿੰਦਾ ਹੈ – ਇਹ ਦੋਸ਼ੀ ਨੂੰ ਸੁਣਾਈ ਗਈ ਸਜ਼ਾ ਹੋ ਸਕਦੀ ਹੈ।

**ਸ਼ੈਰਿਫ਼**

ਸ਼ੈਰਿਫ਼ ਕੋਰਟ ਵਿਚ ਜੱਜ ਦਾ ਨਾਂਅ।

**ਸੋਸ਼ਲ ਵਰਕਰ**

ਉਹ ਵਿਅਕਤੀ ਜੋ ਵਧੀਕ ਸਹਾਇਤਾ ਜਾਂ ਨਿਗਰਾਨੀ ਦੇ ਲੋੜ ਵਾਲੇ ਬੱਚਿਆਂ ਅਤੇ ਬਾਲਗ਼ਾਂ ਨਾਲ ਕੰਮ ਕਰਦਾ ਹੈ।

**ਵਿਸ਼ੇਸ਼ ਢੰਗ**

ਇਕ ਬਾਲ ਗਵਾਹ ਜਾਂ ਵਲਨਰਏਬਲ (ਅਸੁਰੱਖਿਅਤ) ਬਾਲਗ਼ ਵਲੋਂ ਗਵਾਹੀ ਦਿੱਤੇ ਜਾਣ ਵੇਲੇ ਉਨ੍ਹਾਂ ਦੀ ਸਹਾਇਤਾ ਦੇ ਵੱਖ ਵੱਖ ਤਰੀਕੇ – ਜਿਵੇਂ ਕਿ ਟੈਲੀਵਿਯਨ ਲਿੰਕ ਜਾਂ ਸਕ੍ਰੀਨ – ਵੇਖੋ ਸਮਰਥਕ ਵਿਅਕਤੀ।

**ਬਿਆਨ**

ਗਵਾਹ ਵਲੋਂ ਕਹੀਆਂ ਗਈਆਂ ਗੱਲਾਂ ਬਾਰੇ ਪੁਲੀਸ ਵਲੋਂ ਦਰਜ ਕੀਤਾ ਜਾਣ ਵਾਲਾ ਬਿਆਨ ਜਾਂ ਰਿਕਾਰਡਿੰਗ।

**ਸਮਰਥਕ ਵਿਅਕਤੀ**

ਉਹ ਵਿਅਕਤੀ ਜੋ ਕੋਰਟ ਵਿੱਚ ਗਵਾਹ ਦੇ ਗਵਾਹੀ ਦੇਣ ਦੌਰਾਨ ਉਸ ਨਾਲ ਰਹਿ ਸਕਦਾ ਹੈ – ਵੇਖੋ ਵਿਸ਼ੇਸ਼ ਢੰਗ।

**ਮੁਕੱਦਮਾ**

ਕੋਰਟ ਵਿਚ ਕਾਨੂੰਨੀ ਕਾਰਵਾਈ ਜਦੋਂ ਗਵਾਹੀ ਦੇਣ ਲਈ ਗਵਾਹ ਆਉਂਦੇ ਹਨ।

**ਫ਼ੈਸਲਾ**

ਮੁਕੱਦਮੇ ਦੇ ਅੰਤ ਤੇ ਹੋਇਆ ਫ਼ੈਸਲਾ।

**ਗਵਾਹ**

ਉਹ ਵਿਅਕਤੀ ਜਿਸਨੂੰ ਕਿਸੇ ਘਟਨਾ ਬਾਰੇ ਜਾਣਕਾਰੀ ਹੁੰਦੀ ਹੈ ਅਤੇ ਉਸਨੂੰ ਇਹ ਜਾਣਕਾਰੀ ਕੋਰਟ ਨੂੰ ਦੱਸਣੀ ਪੈ ਸਕਦੀ ਹੈ – ਦੇਖੋ ਗਵਾਹੀ।

# ਤੁਹਾਡੇ ਨੋਟਸ